# ਮੈਂ ਇਸ ਸਾਲ ਇਹ ਕਰਾਂਗਾ

ਮਨੁੱਖੀ ਜੀਵਨ ਵਿੱਚ ਅਨੁਸ਼ਾਸ਼ਨ ਅਤੇ ਵਿਉਂਤਬੰਦੀ ਦਾ ਅਹਿਮ ਸਥਾਨ ਹੈ। ਬੇਤਰਤੀਬੀ ਨਾਲ਼ ਕੀਤੇ ਗਏ ਕੰਮਾਂ ਨਾਲ਼ ਨਾਂ ਤਾਂ ਸਫ਼ਲਤਾ ਮਿਲਦੀ ਹੈ ਅਤੇ ਨਾਂ ਹੀ ਕੀਤੀ ਗਈ ਮਿਹਨਤ ਦਾ ਪੂਰਾ ਫ਼ਲ। ਸੋ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਦਗੀ ਨਿਯਤ ਢੰਗ ਨਾਲ਼ ਚੰਗੇ ਅਸੂਲਾਂ ਨੂੰ ਅਪਣਾ ਕੇ ਜਿਉਣੀ ਚਾਹੀਦੀ ਹੈ। ਸਾਨੂੰ ਆਪਣੇ ਬੀਤੇ ਸਮੇਂ ਵਿੱਚ ਹੋਈਆਂ ਘਾਟਾਂ ਅਤੇ ਕੁਤਾਹੀਆਂ ਦਾ ਲੇਖਾ-ਜੋਖਾ ਕਰਕੇ ਆਉਣ ਵਾਲ਼ੇ ਸਮੇਂ ਵਿੱਚ ਯੋਗ ਵਿਉਂਤਬੰਦੀ ਕਰਦੇ ਹੋਏ ਆਪਣੇ ਮਿੱਥੇ ਹੋਏ ਨਿਸ਼ਾਨੇ ਦੀ ਪ੍ਰਾਪਤੀ ਕਰ ਸਕੀਏ।

ਮੈਂ ਇਸ ਸਾਲ ਜੀਵਨ ਵਿੱਚ ਸਾਰੇ ਦਿਨ ਦੀ ਕਾਰ-ਗੁਜ਼ਾਰੀ ਲਈ ਇੱਕ ਸਮਾਂ ਸਾਰਣੀ ਬਣਾ ਲਈ ਹੈ। ਗਰਮੀਆਂ ਅਤੇ ਸਰਦੀਆਂ ਦੀਆਂ ਰੁੱਤਾਂ ਅਨੁਸਾਰ ਸਵੇਰ ਸਮੇਂ ਜਾਗਣ ਦਾ ਸਮਾਂ ਨਿਯਤ ਕਰ ਲਿਆ ਹੈ। ਸਕੂਲ ਸਮੇਂ ਤੋਂ ਬਾਦ ਦਾ ਸਮਾਂ ਅਤੇ ਛੁੱਟੀ ਵਾਲ਼ੇ ਦਿਨ ਦੇ ਰੁਝੇਵਿਆਂ ਬਾਰੇ ਵੀ ਯੋਗ ਵਿਉਂਤਬੰਦੀ ਕਰ ਲਈ ਹੈ। ਸਕੂਲ ਤੋਂ ਮਿਲਿਆ ਘਰ ਦਾ ਕੰਮ, ਮਾਪਿਆਂ ਨਾਲ਼ ਘਰੇਲੂ ਕੰਮਾਂ ਵਿੱਚ ਸਹਾਇਤਾ ਕਰਨ, ਖੇਡਣ ਲਈ ਸ਼ਾਮ ਦਾ ਸਮਾਂ ਵੀ ਨਿਯਤ ਕਰ ਲਿਆ ਹੈ।

ਮੈਂ ਆਪਣੀ ਪੜ੍ਹਾਈ ਵਿੱਚ ਮਿਹਨਤ ਕਰਨ ਦੇ ਨਾਲ਼-ਨਾਲ਼ ਇਸ ਸਾਲ ਆਪਣੀ ਲਿਖਾਈ ਸੁਧਾਰਨ ਲਈ ਪੂਰਾ ਅਭਿਆਸ ਕਰਾਂਗਾ। ਇਸ ਲਈ ਮੈਂ ਆਪਣੇ ਅਧਿਆਪਕਾਂ ਤੋਂ ਸੁਚੱਜੀ ਅਗਵਾਈ ਲਵਾਂਗਾ। ਮੈਂ ਇਸ ਸਾਲ ਸੁੰਦਰ-ਲਿਖਾਈ ਮੁਕਾਬਲੇ ਅਤੇ ਪੋਸਟਰ ਲੇਖਣ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੇ ਸਕੂਲ ਦਾ ਨਾਮ ਰੋਸ਼ਨ ਕਰਨ ਦਾ ਨਿਸ਼ਾਨਾ —

Scanned by CamScanner

ਸਿੱਥਿਆ ਹੈ। ਇਸ ਲਈ ਮੈਂ ਖ਼ੂਬ ਮਿਹਨਤ ਕਰਾਂਗਾ।

ਮੈਂ ਆਪਣੀ ਲਿਖ਼ਤ ਨੂੰ ਸੁੰਦਰ ਬਣਾਉਣ ਲਈ ਹਰ ਰੋਜ਼ ਅਭਿਆਸ ਕਰਾਂਗਾ। ਮਨੁੱਖ ਦੀ ਸੁੰਦਰ ਲਿਖਾਈ ਤੋਂ ਹੀ ਉਸ ਦੀ ਸਖ਼ਸ਼ੀਅਤ ਪਛਾਣੀ ਜਾਂਦੀ ਹੈ। ਸਾਡੀ ਲਿਖਾਈ ਜੇਕਰ ਮੋਤੀਆਂ ਵਰਗੀ ਹੋਵੇਗੀ ਤਾਂ ਉਹ ਹਰ ਪੜ੍ਹਨ ਵਾਲ਼ੇ ਨੂੰ ਪ੍ਰਭਾਵਿਤ ਕਰੇਗੀ।

ਸੁੰਦਰ ਲਿਖਤ ਦਾ ਜੀਵਨ ਵਿੱਚ ਅਹਿਮ ਸਥਾਨ ਹੈ। ਇਸ ਲਈ ਮੈਂ ਇਸ ਸਾਲ ਆਪਣੇ ਇਸ ਮਿੱਥੇ ਹੋਏ ਟੀਚੇ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਕਰਾਂਗਾ। ਆਪਣੇ ਨਿਸ਼ਚਤ ਕੀਤੇ ਸਮੇਂ ਵਿੱਚ ਬਿਨਾਂ ਨਾਗਾ ਅਭਿਆਸ ਕਰਦਾ ਰਹਾਂਗਾ। ਮੈਂ ਆਪਣੇ ਅਧਿਆਪਕ ਦੀ ਸਹਾਇਤਾ ਨਾਲ਼ ਹਰ ਸੁੰਦਰ ਲਿਖਾਈ ਮੁਕਾਬਲੇ ਵਿੱਚ ਭਾਗ ਲਵਾਂਗਾ।

ਸਨਾਤਨ ਸਿੰਘ ਸੋਢੀ
ਪੰਜਾਬੀ ਮਾਸਟਰ

Scanned by CamScanner

# ਵਿਸਾਖੀ



ਪੰਜਾਬ ਮੇਲਿਆਂ ਦੀ ਧਰਤੀ ਹੈ। ਮੌਸਮ ਦੀ ਤਬਦੀਲੀ ਨਾਲ ਲੱਗਦੇ ਮੇਲਿਆਂ ਤੇ ਤਿਉਹਾਰਾਂ ਵਿੱਚ ਵਿਸਾਖੀ ਦੀ ਸਰਦਾਰੀ ਸਿੱਖਰਾਂ ਤੇ ਹੈ। ਇਹ ਵਿਸਾਖ ਮਹੀਨੇ ਦਾ ਪਹਿਲਾ ਦਿਨ ਹੁੰਦਾ ਹੈ। ਸਿੱਖ ਇਤਿਹਾਸ ਵਿੱਚ ਵਿਸਾਖੀ ਨੂੰ ਨਵ ਜਾਗ੍ਰਿਤੀ ਦਿਵਸ ਕਿਹਾ ਜਾਂਦਾ ਹੈ। 1699 ਦੀ ਵਿਸਾਖੀ ਵਾਲ਼ੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਜ਼ੁਲਮ ਦੇ ਖਿਲਾਫ਼ ਡਟਣ ਲਈ ਪੰਜ ਪਿਆਰਿਆਂ :-

1. ਦਯਾ ਰਾਮ ਖੱਤਰੀ (ਲਾਹੌਰ) 2. ਧਰਮ ਚੰਦ ਜਾਟ (ਬੁਧੀ).
3. ਮੋਹਕਮ ਚੰਦ ਛੀਂਬੇ (ਦੁਆਰਕਾ) 4. ਸਾਹਿਬ ਚੰਦ ਨਾਈ (ਬਿਦਰ)
5. ਹਿੰਮਤ ਰਾਏ ਝਿਊਰ (ਜਗਨਨਾਥ ਪੁਰੀ) ਦੀ ਚੋਣ ਕੀਤੀ।

ਇਨ੍ਹਾਂ ਨੂੰ ਅੰਮ੍ਰਿਤ ਛਕਾਇਆ ਆਪ ਇਹਨਾਂ ਤੋਂ ਅੰਮ੍ਰਿਤ ਛੱਕ ਕੇ ਉਚ-ਨੀਚ ਦਾ ਖੰਡਣ ਕੀਤਾ। ਇਸ ਤਰ੍ਹਾਂ ਦਸਮ ਪਾਤਸ਼ਾਹ ਨੇ ਖਾਲਸਾ ਪੰਥ ਪ੍ਰਗਟ ਕਰਕੇ ਗੁਰੂ ਨਾਨਕ ਦੇਵ ਜੀ ਦੇ ਵੱਲੋਂ ਆਰੰਭ ਕੀਤੇ ਮਿਸ਼ਨ ਨੂੰ ਸੰਪੂਰਨਤਾ ਬਖਸ਼ੀ।



13 ਅਪ੍ਰੈਲ 1919 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਜਲ੍ਹਿਆਂ ਵਾਲਾ ਬਾਗ਼ ਵਿੱਚ ਆਜ਼ਾਦੀ ਦੇ ਚਾਹਵਾਨ ਦੇਸ਼-ਭਗਤਾਂ ਦੇ ਜਲਸੇ ਵਿੱਚ ਜਰਨਲ ਆਰ. ਈ. ਐੱਚ. ਡਾਇਰ ਨੇ ਦਾਖ਼ਲ ਹੋ ਕੇ ਗੋਲੀਆਂ ਚਲਾ ਕੇ ਹਜ਼ਾਰਾਂ ਲੋਕਾਂ ਨੂੰ ਸ਼ਹੀਦ ਕਰ ਦਿੱਤਾ। ਵਿਸਾਖੀ ਵਾਲ਼ੇ

Scanned by CamScanner

ਦਿਨ ਦੀ ਇਸ ਖੂਨੀ ਘਟਨਾ ਦਾ ਆਜ਼ਾਦੀ ਦੇ ਸੰਗਰਾਮ ਵਿੱਚ ਅਹਿਮ ਸਥਾਨ ਹੈ।

ਵਿਸਾਖੀ ਵਾਲੇ ਦਿਨ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਧਾਰਮਿਕ ਤੇ ਸਮਾਜਿਕ ਸਮਾਗਮ ਕੀਤੇ ਜਾਂਦੇ ਹਨ। ਪਿੰਡਾਂ ਵਿੱਚ 'ਕਣਕਾਂ ਦੀ ਮੁੱਕ ਗਈ ਰਾਖੀ, ਜੱਟਾ ਆਈ ਵਿਸਾਖੀ।' ਦੀਆਂ ਸੱਦਾਂ ਗੂੰਜਦੀਆਂ ਹਨ।



ਵਿਸਾਖੀ 13 ਅਪ੍ਰੈਲ ਨੂੰ ਮਨਾਈ ਜਾਂਦੀ ਹੈ ਪਰ ਹਰ 36 ਸਾਲਾਂ ਬਾਅਦ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਵੱਖ-ਵੱਖ ਸੂਬਿਆਂ ਵਿੱਚ ਇਸ ਦੇ ਨਾਮ ਵੱਖ-ਵੱਖ ਹਨ: ਅਸਾਮ ਵਿੱਚ ਰੋਂਗਾਲੀ ਵਿਹੂ, ਪੱਛਮੀ ਬੰਗਾਲ ਵਿੱਚ ਨਾਬਾ ਬਰਸਾ, ਬਿਹਾਰ ਵਿੱਚ ਵੈਸਾਖਾ ਪੁਰਬ, ਕੇਰਲਾ ਵਿੱਚ ਵਿਸੂ, ਤਾਮਿਲ ਨਾਡੂ ਵਿੱਚ ਪੁਥਾਂਦੂ।

ਪੰਜਾਬ ਵਿੱਚ ਵਿਸਾਖੀ ਵਾਲੇ ਦਿਨ ਲੋਕ ਮੇਲੇ ਲਾਉਂਦੇ ਹਨ। ਲੋਕ ਭੰਗੜੇ ਪਾਉਂਦੇ ਹਨ, ਹਾਰ ਸਿੰਗਾਰ ਕਰਦੇ ਹਨ। ਧਾਰਮਿਕ ਸਥਾਨਾਂ ਤੇ ਪੂਜਾ-ਪਾਠ ਕਰਦੇ ਹਨ।



ਵਿਸਾਖੀ ਸਿਰਫ ਗੱਲਾਂ ਦਾ ਤਿਉਹਾਰ ਨਹੀਂ, ਆਪਣੇ ਆਪ ਨੂੰ ਜਾਚਣ ਦਾ ਤਿਉਹਾਰ ਹੈ। ਪਹਿਲੇ ਬੀਜੇ ਨੂੰ ਵੱਢਣਾ ਅਤੇ ਨਵੇਂ ਨੂੰ ਬੀਜਣਾ ਇਸ ਮੇਲੇ ਦੇ ਦੋ ਸਿਰੇ ਹਨ। ਫਸਲਾਂ ਵਿੱਚ ਕਣਕ ਦੀ ਸਰਦਾਰੀ ਕਾਰਨ ਬਹੁਤੇ ਗੀਤ ਕਣਕ ਦੁਆਲੇ ਹੀ ਘੁੰਮਦੇ ਹਨ।

Scanned by CamScanner

# ਹੋਲੀ

ਮੁਸਲਮਾਨਾਂ ਲਈ ਈਦ, ਇਸਾਈਆਂ ਲਈ ਕ੍ਰਿਸਮਿਸ, ਸਿੱਖਾਂ ਲਈ ਗੁਰਪੁਰਬ ਦਾ ਜੋ ਮਹੱਤਵ ਹੈ, ਉਹੀ ਮਹੱਤਵ ਹਿੰਦੂ ਤਿਉਹਾਰਾਂ ਵਿੱਚ ਹੋਲੀ ਦਾ ਹੈ। ਇਹ ਤਿਉਹਾਰ ਬਸੰਤ ਰੁੱਤ ਦੇ ਆਉਣ ਦੀ ਉਤਸ਼ਾਹ ਪੂਰਵਕ ਖੁਸ਼ੀ ਦੇ ਸਵਾਗਤ ਦਾ ਪ੍ਰਤੀਕ ਹੈ। ਇਸ ਨੂੰ 'ਬਸੰਤ ਰੁੱਤ ਦੀ ਜਵਾਨੀ' ਦਾ ਤਿਉਹਾਰ ਵੀ ਕਿਹਾ ਜਾਂਦਾ ਹੈ।

ਹੋਲੀ ਕੁਦਰਤ ਦਾ ਦੂਜਾ ਸੁਹਾਵਣਾ ਰੂਪ ਮੰਨਿਆ ਜਾਂਦਾ ਹੈ। ਬਸੰਤ ਰੁੱਤ ਵਿੱਚ ਜਦ ਪ੍ਰਕ੍ਰਿਤੀ ਦੇ ਅੰਗ-ਅੰਗ 'ਚ ਨਵਾਂ ਰੂਪ ਨਿਖਰਦਾ ਹੈ, ਦਰੱਖਤਾਂ ਦੀਆਂ ਕਰੂੰਬਲਾਂ ਫੁੱਟਦੀਆਂ ਹਨ, ਹੋਲੀ ਦਾ ਤਿਉਹਾਰ ਉਸ ਦਾ ਸ਼ਿੰਗਾਰ ਕਰਨ ਆਉਂਦਾ ਹੈ। ਹੋਲੀ ਦਾ ਤਿਉਹਾਰ ਰੁੱਤ ਸੰਬੰਧੀ ਤਿਉਹਾਰ ਹੈ। ਸਰਦੀ ਦੀ ਰੁੱਤ ਖਤਮ ਹੋਣ ਤੇ ਕਿਸਾਨ ਫਸਲਾਂ ਦੇ ਪੱਕਣ ਦਾ ਇੰਤਜ਼ਾਰ ਕਰਦੇ ਹਨ। ਉਹ ਫਸਲਾਂ ਦੇ ਖਿੜਣ ਤੇ ਖੁਸ਼ੀ ਨਾਲ ਭਰ ਜਾਂਦੇ ਹਨ ਅਤੇ ਇਸ ਖੁਸ਼ੀ ਕਾਰਨ ਉਹ ਹੋਲੀ ਦਾ ਤਿਉਹਾਰ ਮਨਾਉਂਦੇ ਹਨ।

ਕਿਹਾ ਜਾਂਦਾ ਹੈ ਕਿ ਪੁਰਾਣੇ ਜ਼ਮਾਨੇ ਵਿੱਚ ਭਗਤ ਪਰਿਲਾਦ ਰੱਬ ਦਾ ਨਾਮ ਲੈਂਦਾ ਸੀ ਪਰ ਉਸ ਦਾ ਪਿਤਾ ਹਰਨਾਕਸ਼ ਰੱਬ ਨੂੰ ਮੰਨਦਾ ਨਹੀਂ ਸੀ। ਉਹ ਪਰਿਲਾਦ ਨੂੰ ਰੱਬ ਦਾ ਨਾਮ ਲੈਣ ਤੋਂ ਰੋਕਦਾ ਸੀ। ਪਰ ਪਰਿਲਾਦ ਉਸ ਦੀ ਗੱਲ ਕਿਸੇ ਤਰ੍ਹਾਂ ਵੀ ਮੰਨਣ ਨੂੰ ਤਿਆਰ ਨਹੀਂ ਸੀ। ਹਰਨਾਕਸ਼ ਦੀ ਭੈਣ ਹੋਲਿਕਾ ਨੂੰ ਇਹ ਵਰਦਾਨ ਮਿਲਿਆ ਸੀ ਕਿ ਅੱਗ ਉਸ ਨੂੰ ਕਿਸੇ ਤਰ੍ਹਾਂ ਵੀ ਸਾੜ ਨਹੀ ਸੀ ਸਕਦੀ। ਹਰਨਾਕਸ਼ ਦੇ ਕਹਿਣ ਤੇ ਉਹ ਪਰਿਲਾਦ ਨੂੰ ਸਜ਼ਾ ਦੇਣ ਲਈ ਉਸ ਨੂੰ ਆਪਣੀ ਗੋਦੀ ਵਿੱਚ ਬਿਠਾ ਕੇ ਅੱਗ ਵਿੱਚ ਬੈਠ ਗਈ ਪਰ ਹੋਇਆ ਇਸ ਤਰ੍ਹਾਂ ਕਿ ਹੋਲਿਕਾ ਸੜ ਗਈ ਅਤੇ

Scanned by CamScanner

ਪਰਿਲਾਦ ਬਚ ਗਿਆ। ਇਸ ਕਾਰਨ ਹੋਲੀ ਵਾਲੇ ਦਿਨ ਨੂੰ ਹੋਲਿਕਾ ਦਹਿਣ ਹੁੰਦਾ ਹੈ।

ਅੱਜ ਕੱਲ੍ਹ ਕੁਝ ਲੋਕਾਂ ਨੇ ਹੋਲੀ ਦਾ ਰੂਪ ਵਿਗਾੜ ਰੱਖ ਦਿੱਤਾ ਹੈ। ਕੱਚੇ ਰੰਗਾਂ ਦੀ ਥਾਂ ਕੁਝ ਲੋਕ ਕਾਲੀ ਸਿਆਹੀ, ਕਾਲਾ ਤੇਲ, ਸੁਆਹ ਆਦਿ ਦਾ ਪ੍ਰਯੋਗ ਕਰਦੇ ਹਨ। ਕੁਝ ਲੋਕ ਇੱਕ ਦੂਜੇ ਤੇ ਗੰਦੀਆਂ ਚੀਜ਼ਾਂ ਸੁੱਟਦੇ ਹਨ। ਇਸ ਤਰ੍ਹਾਂ ਲੋਕਾਂ ਨੇ ਪ੍ਰੇਮ ਅਤੇ ਅਨੰਦ ਦੇ ਇਸ ਤਿਉਹਾਰ ਨੂੰ ਖਰਾਬ ਕਰ ਦਿੱਤਾ ਹੈ। ਇਸ ਤਰ੍ਹਾਂ ਉਹ ਲੋਕ ਨਫ਼ਰਤ ਫੈਲਾਉਂਦੇ ਹਨ। ਸਾਨੂੰ ਇਸ ਤਰ੍ਹਾਂ ਦੀਆਂ ਬੁਰਾਈਆਂ ਨੂੰ ਰੋਕਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਹੋਲੀ ਦੇ ਇਸ ਪਵਿੱਤਰ ਤਿਉਹਾਰ ਤੇ ਸਾਨੂੰ ਘ੍ਰਿਣਾ, ਈਰਖਾ, ਲੜਾਈ ਝਗੜੇ ਆਦਿ ਬੁਰਾਈਆਂ ਨੂੰ ਦੂਰ ਭਜਾਉਣਾ ਚਾਹੀਦਾ ਹੈ। ਏਕਤਾ ਅਤੇ ਭਾਈਚਾਰੇ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਵੱਡਿਆਂ - ਛੋਟਿਆਂ ਨੂੰ ਗਲੇ ਲਗਾ ਕੇ ਏਕਤਾ ਦੀ ਉਦਾਹਰਨ ਪੇਸ਼ ਕਰਨੀ ਚਾਹੀਦੀ ਹੈ।





ਬਸੰਤ ਦੀ ਆਮਦ 'ਤੇ ਕੁਦਰਤ ਨੇ ਧਰਤੀ 'ਤੇ ਬਖੇਰੀ ਸੁੰਦਰਤਾ

Scanned by CamScanner

# ਬਸੰਤ ਰੁੱਤ



ਸਾਡਾ ਭਾਰਤ ਹੀ ਇੱਕ ਅਜਿਹਾ ਖ਼ੁਸ਼ਕਿਸਮਤ ਦੇਸ਼ ਹੈ ਜਿੱਥੇ ਵੱਖ-ਵੱਖ ਸਮੇਂ ਤੇ ਕਈ ਰੁੱਤਾਂ ਜਿਵੇਂ ਗਰਮੀ, ਸਰਦੀ, ਵਰਖਾ, ਪਤਝੜ ਅਤੇ ਬਸੰਤ ਆਦਿ ਆਉਂਦੀਆਂ ਹਨ। ਪਤਝੜ ਤੋਂ ਬਾਅਦ ਬਸੰਤ ਰੁੱਤ ਦਾ ਆਰੰਭ ਹੁੰਦਾ ਹੈ। ਹਰ ਪਾਸੇ ਹਰਿਆਲੀ ਅਤੇ ਮਹਿਕ ਛਾ ਜਾਂਦੀ ਹੈ। ਲੋਕ ਖ਼ੁਸ਼ੀ ਵਿਚ ਖਿੜ ਉਠਦੇ ਹਨ।

ਇਹ ਰੁੱਤ ਬਹੁਤ ਸੁਹਾਵਣੀ ਅਤੇ ਮਨਮੋਹਕ ਹੁੰਦੀ ਹੈ। ਇਸ ਦਾ ਆਰੰਭ ਫੱਗਣ ਮਹੀਨੇ ਤੋਂ ਹੁੰਦਾ ਹੈ। ਕੁਦਰਤ ਰਾਣੀ ਦਾ ਭਰ ਜੋਬਨ ਠਾਠਾਂ ਮਾਰਨ ਲੱਗ ਜਾਂਦਾ ਹੈ। ਰੰਗ ਬਿਰੰਗੇ ਫੁੱਲ ਮਹਿਕਣ ਲਗਦੇ ਹਨ। ਰੁੱਖਾਂ ਤੇ ਹਰੀਆਂ ਕਰੂੰਬਲਾਂ ਫੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪੀਲੇ ਪੀਲੇ ਸੋਨੇ ਰੰਗੇ ਫੁੱਲਾਂ ਨਾਲ਼ ਸਜੀ ਸਰੋਂ ਫੁੱਲੀ ਨਹੀਂ ਸਮਾਉਂਦੀ। ਇਸ ਰੁੱਤੇ ਸਭ ਥਾਈਂ ਸ਼ਾਂਤੀ ਦਿਖਾਈ ਦਿੰਦੀ ਹੈ। ਇਸ ਰੁੱਤ ਨੂੰ **'ਰੁੱਤਾਂ ਦੀ ਰਾਣੀ'** ਦੇ ਨਾਂ ਨਾਲ਼ ਵੀ ਵਡਿਆਇਆ ਜਾਂਦਾ ਹੈ।

ਇਸ ਰੁੱਤ ਵਿਚ ਨਾ ਹੀ ਵਧੇਰੇ ਸਰਦੀ ਹੁੰਦੀ ਹੈ, ਨਾ ਹੀ ਗਰਮੀ ਅਤੇ ਨਾ ਹੀ ਵਰਖਾ। ਇਸ ਲਈ ਇਹ ਰੁੱਤ ਸਭ ਨੂੰ ਪਿਆਰੀ ਲਗਦੀ ਹੈ। ਇਸ ਰੁੱਤ ਬਾਰੇ ਧਨੀ ਰਾਮ ਚਾਤ੍ਰਿਕ ਨੇ ਲਿਖਿਆ ਹੈ—

**'ਸੋਨਾ ਸਰੂਪ ਸਗੋਂ,**
**ਜੋਬਨ ਉਭਾਰ ਆਈ,**
**ਖੇਤਾਂ ਨੇ ਖੱਤੇ ਮੱਲੇ,**
**ਪੀਲਾ ਸ਼ਿੰਗਾਰ ਲਾਇਆ'**



ਇਸ ਰੁੱਤ ਦਾ ਮਹੱਤਵਪੂਰਨ ਦਿਵਸ ਬਸੰਤ ਪੰਚਮੀ ਹੈ।

ਇਹ ਮਾਘ ਮਹੀਨੇ ਦੇ ਸ਼ੁਕਲ ਪੱਖ ਦੀ ਪੰਚਮੀ ਵਾਲੇ ਦਿਨ ਆਉਂਦਾ ਹੈ। ਇਸ ਦਿਨ ਨਰ-ਨਾਰੀ, ਬੱਚੇ-ਬੁੱਢੇ ਪੀਲੇ ਰੰਗ ਦੇ ਕੱਪੜੇ ਪਹਿਨਦੇ ਹਨ। ਘਰਾਂ ਵਿਚ ਪੀਲੇ ਰੰਗ ਦੇ ਵੰਨ ਸੁਵੰਨੇ ਪਕਵਾਨ ਬਣਾਏ ਜਾਂਦੇ ਹਨ। ਥਾਂ-ਥਾਂ ਮੇਲੇ ਲਗਦੇ ਹਨ ਅਤੇ ਪਤੰਗ ਵੀ ਉਡਾਏ ਜਾਂਦੇ ਹਨ।

ਧਰਮਵੀਰ ਹਕੀਕਤ ਰਾਏ ਨੇ ਧਰਮ ਦੀ ਖਾਤਰ ਬਸੰਤ ਪੰਚਮੀ ਵਾਲੇ ਦਿਨ ਲਾਹੌਰ ਵਿਚ ਆਪਣੀ ਸ਼ਹੀਦੀ ਦਿੱਤੀ ਸੀ। ਨਾਮਧਾਰੀ ਫਿਰਕੇ ਦੇ ਬਾਨੀ ਬਾਬਾ ਰਾਮ ਸਿੰਘ ਜੀ ਦਾ ਜਨਮ ਵੀ ਇਸੇ ਦਿਨ ਹੀ ਹੋਇਆ ਸੀ। ਜਿੱਥੇ ਇਹ ਤਿਉਹਾਰ ਮੌਸਮੀ ਤਿਉਹਾਰ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਉਥੇ ਇਸ ਦਿਨ ਦਾ ਧਾਰਮਿਕ ਮਹੱਤਵ ਵੀ ਹੈ।

ਇਸ ਰੁੱਤ ਵਿਚ ਅੰਬਾਂ ਉੱਤੇ ਬੂਰ ਪੈਂਦਾ ਹੈ। ਨਵੇਂ ਪੱਤੇ ਨਿਕਲਦੇ ਹਨ। ਫੁੱਲ-ਕਲੀਆਂ ਖਿੜ ਉੱਠਦੇ ਹਨ। ਮੰਦਰਾਂ ਤੇ ਗੁਰਦਵਾਰਿਆਂ ਵਿਚ ਤਰੱਕੀ ਅਤੇ ਖੁਸ਼ਹਾਲੀ ਦੇ ਲਈ ਅਰਦਾਸਾਂ ਕੀਤੀਆਂ ਜਾਂਦੀਆਂ ਹਨ।

ਇਸ ਰੁੱਤ ਵਿਚ ਸੈਰ ਕਰਨ ਨਾਲ ਬਹੁਤ ਸਾਰੇ ਲਾਭ ਪ੍ਰਾਪਤ ਹੁੰਦੇ ਹਨ। ਇਹ ਰੁੱਤ ਸਾਡੇ ਜੀਵਨ ਵਿਚ ਨਵਾਂ ਜੀਵਨ, ਨਵਾਂ ਉਤਸ਼ਾਹ ਅਤੇ ਨਵੀਂ ਚੇਤਨਾ ਭਰਦੀ ਹੈ। ਬਸੰਤ ਰੁੱਤ ਨਾਲ ਸਾਨੂੰ ਬਹੁਤ ਲਾਭ ਹਨ।



ਸਤਨਾਮ ਸਿੰਘ
ਸੋਢੀ
ਪੰਜਾਬੀ ਮਾਸਟਰ



Scanned by CamScanner

# ਮਾਘੀ

ਪੰਜਾਬ ਮੇਲਿਆਂ ਦੀ ਧਰਤੀ ਹੈ। ਹਰੇਕ ਤਿਉਹਾਰ ਆਪਣੀ ਆਪਣੀ ਥਾਂ ਤੇ ਮਨਾਇਆ ਜਾਂਦਾ ਹੈ। ਲੋਕ ਠੀਕ ਹੀ ਕਹਿੰਦੇ ਹਨ! "ਮੇਲੇ ਮੇਲੀਆਂ ਦੇ।" ਭਾਵ ਮੇਲੇ ਮਿੱਤਰਾਂ ਦੋਸਤਾਂ ਨੂੰ ਮਿਲਾਉਣ ਦੇ ਸਾਧਨ ਹਨ। ਮਾਘੀ ਪੰਜਾਬ ਦਾ ਪ੍ਰਸਿੱਧ ਮੇਲਾ ਹੈ। ਪੰਜਾਬ ਵਿਚ ਕਈ ਥਾਵਾਂ ਤੇ ਲੱਗਦਾ ਹੈ। ਇਸ ਦੀ ਇਤਿਹਾਸਕ ਮਹਾਨਤਾ ਵੀ ਹੈ। ਇਹ ਤਿਉਹਾਰ ਲੋਹੜੀ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਨੂੰ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ-

"ਮੱਘਰ ਪੋਹ ਗੂੜ ਸਿਆਲ, ਲੋਹੜੀ ਮਾਘੀ ਨਾਲੋ-ਨਾਲ।"

ਇਸ ਮਹੀਨੇ ਦੇ ਇਸ਼ਨਾਨ ਦਾ ਬੜਾ ਮਹੱਤਵ ਮੰਨਿਆ ਜਾਂਦਾ ਹੈ। ਕੁੰਭ ਦਾ ਇਸ਼ਨਾਨ ਅਲਾਹਬਾਦ (ਸੰਗਮ) ਕਰਨਾ ਵੱਡਾ ਪੁੰਨ ਗਿਣਿਆ ਜਾਂਦਾ ਹੈ।

ਪੰਜਾਬ ਦੇ ਇਤਿਹਾਸ ਵਿਚ ਇਸ ਦੀ ਵਿਸ਼ੇਸ਼ ਮਹਾਨਤਾ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਕੋਲੋਂ ਮਾਘੀ ਵਾਲੇ ਦਿਹਾੜੇ ਰਖਵਾਈ ਸੀ। ਇਸ ਦਿਨ ਪਿੰਡਾਂ-ਸ਼ਹਿਰਾਂ ਵਿਚ ਲੋਕਾਂ ਵੱਲੋਂ ਲੰਗਰ ਲਗਾਏ ਜਾਂਦੇ ਹਨ। ਲੋਕ ਇਸ ਦਿਨ ਤੀਰਥਾਂ ਤੇ ਇਸ਼ਨਾਨ ਕਰਨ ਜਾਂਦੇ ਹਨ। ਧਾਰਮਿਕ ਸਥਾਨਾਂ ਤੇ ਮੇਲੇ ਲੱਗਦੇ ਹਨ। ਰਾਜਸੀ ਕਾਨਫਰੰਸਾਂ ਹੁੰਦੀਆਂ ਹਨ।



ਪੰਜਾਬ ਵਿਚ ਮਾਘੀ ਦਾ ਮੇਲਾ ਮੁਕਤਸਰ ਵਿਖੇ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਹੈ। ਪਹਿਲਾਂ ਇਸ ਸਥਾਨ ਦਾ ਨਾਮ

Scanned by CamScanner


ਖਿਦਰਾਣੇ ਦੀ ਢਾਬ ਸੀ। ਦਸਮੇਸ਼ ਪਿਤਾ ਵੱਲੋਂ ਇਥੇ ਮੁਕਾਮ ਕਰਨ ਤੇ ਇਸ ਨੂੰ ਸ੍ਰੀ ਮੁਕਤਸਰ ਸਾਹਿਬ ਕਿਹਾ ਜਾਂਦਾ ਹੈ।

ਸੰਨ 1705 ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਜ਼ਾਬਰ ਮੁਗ਼ਲ ਫ਼ੌਜਾਂ ਦਾ ਟਾਕਰਾ ਕਰ ਰਹੇ ਸਨ ਤਾਂ ਉਸ ਸਮੇਂ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਕੁਝ ਸਿੰਘ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਕਿਲਾ ਛੱਡ ਆਏ ਸਨ। ਉਹਨਾਂ ਦੇ ਆਪਣੇ ਪਿੰਡਾਂ ਵਿਚ ਪਹੁੰਚਣ ਤੇ ਲੋਕਾਂ ਨੇ ਉਨ੍ਹਾਂ ਨੂੰ ਫਿਟਕਾਰਾਂ ਪਾਈਆਂ।

ਉਸ ਸਮੇਂ ਮਾਈ ਭਾਗੋ ਜੀ ਨੇ ਉਹਨਾਂ ਦੀ ਅਗਵਾਈ ਕੀਤੀ। ਉਹਨਾਂ ਤੋਂ ਹੋਈ ਭੁੱਲ ਦਾ ਪਸ਼ਚਾਤਾਪ ਕਰਵਾਇਆ। ਉਹ ਸਾਰੇ ਸਿੰਘ ਮਾਈ ਭਾਗੋ ਜੀ ਦੀ ਅਗਵਾਈ ਹੇਠ ਖਿਦਰਾਣੇ ਦੀ ਢਾਬ ਵਿਖੇ ਫਿਰ ਗੁਰੂ ਜੀ ਦੀ ਸਹਾਇਤਾ ਲਈ ਆ ਡਟੇ।

ਇਥੇ ਉਹ ਸਾਰੇ ਸਿੰਘ ਗੁਰੂ ਜੀ ਦੇ ਪਹੁੰਚਣ ਤੋਂ ਪਹਿਲਾਂ ਹੀ ਮੁਗ਼ਲ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਇਸ ਸਮੇਂ ਗੁਰੂ ਜੀ ਨੇ ਉੱਥੇ ਪਹੁੰਚ ਕੇ ਜਥੇਦਾਰ ਭਾਈ ਮਹਾਂ ਸਿੰਘ ਦੇ ਕਹਿਣ ਤੇ ਬੇਦਾਵਾ ਪਾੜ ਕੇ ਉਹਨਾਂ 40 ਸਿੰਘਾਂ ਨੂੰ ਮੁਕਤੀ ਦਿੱਤੀ। ਇਸੇ ਕਾਰਨ ਇਸ ਸਥਾਨ ਦਾ ਨਾਂ ਮੁਕਤਸਰ ਹੈ।

ਇਹ ਧਰਮ-ਯੁੱਧ ਮਾਘੀ ਵਾਲੇ ਦਿਨ ਹੋਇਆ ਸੀ। ਇਸ ਅਸਥਾਨ ਤੇ ਉਹਨਾਂ 40 ਮੁਕਤਿਆਂ ਦੀ ਯਾਦ ਵਿਚ ਗੁਰਦਵਾਰਾ ਟੁੱਟੀ ਗੰਢੀ ਸਾਹਿਬ ਸਥਿਤ ਹੈ। ਮਾਘੀ ਵਾਲੇ ਦਿਨ ਸਾਰੇ ਪੰਜਾਬ ਵਿਚੋਂ ਸ਼ਰਧਾਲੂ ਇਥੇ ਆ ਕੇ ਨਮਸਤਕ ਹੁੰਦੇ ਹਨ। ਇਸ ਦਿਨ ਇਥੇ ਬੜਾ ਭਾਰੀ ਮੇਲਾ ਲੱਗਦਾ ਹੈ। ਪੰਜਾਬ ਵਿਚ ਮਾਘੀ ਦਾ ਇਹ ਪਵਿੱਤਰ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।




ਜਗਤਾਰ ਸਿੰਘ ਸੋਚੀ 'ਪੰਜਾਬੀ ਮਾਸਟਰ'

# ਡਾ: ਭੀਮ ਰਾਓ ਅੰਬੇਡਕਰ (ਬਾਬਾ ਸਾਹਿਬ)



ਡਾ: ਭੀਮ ਰਾਓ ਅੰਬੇਡਕਰ ਇੱਕ ਉੱਚ-ਕੋਟੀ ਦੇ ਵਿਦਵਾਨ, ਦਾਰਸ਼ਨਿਕ, ਦੇਸ਼ ਭਗਤ ਅਤੇ ਭਾਰਤੀ ਸੰਵਿਧਾਨ ਦੇ ਪਿਤਾਮਾ ਹੋਏ ਹਨ। ਉਹਨਾਂ ਦਾ ਜਨਮ 14 ਅਪ੍ਰੈਲ, 1891 ਨੂੰ ਸ਼੍ਰੀਮਤੀ ਭੀਮਾ ਬਾਈ ਦੀ ਕੁੱਖੋਂ ਹੋਇਆ। ਉਹਨਾਂ ਦੇ ਪਿਤਾ ਸੂਬੇਦਾਰ ਮੇਜਰ ਰਾਮ ਜੀ ਦਾਸ ਮਹਾਰਾਸ਼ਟਰ ਦੇ ਰਤਨਾਗਿਰੀ ਜਿਲ੍ਹੇ ਵਿੱਚ ਅੰਬਾਵੜੇ ਪਿੰਡ ਦੇ ਰਹਿਣ ਵਾਲੇ ਸਨ। ਛੋਟੀ ਉਮਰੇ ਹੀ ਮਾਂ ਦਾ ਸਾਇਆ ਸਿਰ ਤੋਂ ਉੱਠ ਗਿਆ। ਪਿਤਾ ਜੀ ਨੇ ਦੂਜੀ ਸ਼ਾਦੀ ਕਰ ਲਈ, ਨਤੀਜੇ ਵਜੋਂ ਉਨ੍ਹਾਂ ਨੂੰ ਮਤਰੇਈ ਮਾਂ ਕੋਲੋਂ 'ਮਾਂ ਵਾਲ਼ਾ ਪਿਆਰ' ਨਾ ਮਿਲਿਆ।

ਸਮਾਜ ਵਿੱਚ ਉਚ-ਨੀਚ ਤੇ ਛੂਤ-ਛਾਤ ਦੀ ਭੈੜੀ ਬਿਮਾਰੀ ਭਰ ਜੋਬਨ 'ਤੇ ਸੀ। ਪਛੜੇ ਵਰਗ ਦੇ ਲੋਕਾਂ ਨਾਲ਼ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਇਹਨਾਂ ਗੱਲਾਂ ਤੋਂ ਦੁੱਖੀ ਹੋ ਕੇ ਬਾਲਕ ਭੀਮ ਰਾਓ ਨੇ ਪ੍ਰਣ ਕੀਤਾ ਕਿ ਉਹ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖਤਮ ਕਰੇਗਾ।

ਬਾਲਕ ਭੀਮ ਰਾਓ ਨੇ ਪੂਰੀ ਲਗਨ ਨਾਲ਼ ਪੜ੍ਹਾਈ ਸ਼ੁਰੂ ਕਰ ਦਿੱਤੀ। ਦਸਵੀਂ ਪਾਸ ਕਰਨ ਉਪਰੰਤ ਉਨ੍ਹਾਂ ਨੇ ਉੱਚ-ਵਿਦਿਆ ਪ੍ਰਾਪਤ ਕਰਨ ਲਈ ਐਲਫ਼ਿਨਸਟਨ ਕਾਲਜ ਬੰਬਈ ਵਿਖੇ ਦਾਖਲਾ ਲੈ ਲਿਆ ਅਤੇ 1912 ਵਿੱਚ ਬੀ.ਏ. ਪਾਸ ਕਰ ਲਈ। ਬਾਅਦ ਵਿੱਚ ਮਹਾਰਾਜਾ ਨੇ ਸਰਕਾਰੀ ਖਰਚੇ ਤੇ ਪੜ੍ਹਨ ਲਈ ਅਮਰੀਕਾ ਭੇਜ ਦਿੱਤਾ। ਉੱਥੇ ਉਨ੍ਹਾਂ ਨੇ ਐੱਮ.ਏ., ਪੀ.ਐੱਚ.ਡੀ ਦੀ ਡਿਗਰੀ ਪ੍ਰਾਪਤ ਕੀਤੀ। ਫਿਰ ਮਹਾਰਾਜਾ ਬੜੌਦਾ ਨੇ ਉਹਨਾਂ ਨੂੰ ਫੌਜੀ ਸਕੱਤਰ ਵਜੋਂ ਨਿਯੁਕਤ ਕਰ ਲਿਆ। ਇਥੇ ਵੀ ਸਾਰੇ ਕਰਮਚਾਰੀ ਉਹਨਾਂ ਨੂੰ ਅਛੂਤ ਸਮਝਦੇ ਰਹੇ। ਬੰਬਈ ਦੇ ਕਾਲਜ ਵਿੱਚ ਅਰਥ-ਸ਼ਾਸਤਰ ਦੇ ਪ੍ਰੋਫੈਸਰ ਵਜੋਂ ਨੌਕਰੀ ਸਮੇਂ ਵੀ ਇਹੀ ਹਾਲ ਰਿਹਾ।

ਇਸ ਵਰਤਾਰੇ ਨੇ ਡਾ: ਅੰਬੇਦਕਰ ਨੂੰ ਸਮਾਜਿਕ ਨਾ-

Scanned by CamScanner

ਬਰਾਬਰੀ, ਦੇਸ ਦੀ ਅਜ਼ਾਦੀ, ਪਛੜੇ ਵਰਗਾਂ ਦੀ ਵਿੱਦਿਆ ਦੇ ਪ੍ਰਸਾਰ ਲਈ ਸੰਘਰਸ਼ ਲਈ ਪ੍ਰੇਰਿਆ। ਉਹਨਾਂ ਨੇ ਕਈ ਸਭਾਵਾਂ ਤੇ ਸੰਸਥਾਵਾਂ ਕਾਇਮ ਕੀਤੀਆਂ। ਅਖ਼ਬਾਰ ਜਾਰੀ ਕੀਤੇ ਤੇ ਕਾਲਜ ਖੋਲ੍ਹੇ।

ਬਾਬਾ ਸਾਹਿਬ 1927 ਵਿੱਚ ਬੰਬਈ ਵਿਧਾਨ ਪ੍ਰੀਸ਼ਦ ਦੇ ਮੈਂਬਰ ਚੁਣੇ ਗਏ। ਉਹਨਾਂ ਨੇ ਕਈ ਉਚ-ਪਾਏ ਦੀਆਂ ਪੁਸਤਕਾਂ ਲਿਖੀਆਂ। ਡਾ: ਅੰਬੇਦਕਰ ਨੇ 30 ਅਕਤੂਬਰ, 1935 ਨੂੰ ਮਹਾਂਰਾਸ਼ਟਰ ਵਿੱਚ ਦਲਿਤ ਸ਼੍ਰੇਣੀਆਂ ਦੀ ਇੱਕ ਕਾਨਫਰੰਸ ਬੁਲਾਈ ਜਿਸ ਵਿੱਚ 10 ਹਜ਼ਾਰ ਤੋਂ ਵੱਧ ਨੁਮਾਇੰਦਿਆਂ ਨੇ ਭਾਗ ਲਿਆ। ਬਾਬਾ ਸਾਹਿਬ ਨੇ ਦਲਿਤ ਜਾਤੀਆਂ ਨਾਲ਼ ਹੋ ਰਹੇ ਦੁਰ-ਵਿਵਹਾਰ ਤੇ ਰੋਸ਼ਨੀ ਪਾਈ। ਇਸੇ ਤਰ੍ਹਾਂ ਹੀ 31 ਮਈ, 1936 ਨੂੰ ਇੱਕ ਹੋਰ ਕਾਨਫਰੰਸ ਬੁਲਾਈ, ਜੋ ਧਰਮ ਪਰਿਵਰਤਨ ਨਾਲ਼ ਸੰਬੰਧਿਤ ਸੀ। 14 ਨਵੰਬਰ 1956 ਨੂੰ ਨਾਗਪੁਰ 'ਚ ਦੁਸਹਿਰੇ ਵਾਲ਼ੇ ਦਿਨ ਉਹਨਾਂ ਬੁੱਧ ਧਰਮ ਨੂੰ ਅਪਣਾ ਲਿਆ ਤੇ ਇਸ ਧਰਮ ਪ੍ਰਤੀ ਇੱਕ ਪੁਸਤਕ ਵੀ ਰਚੀ।

15 ਅਗਸਤ, 1947 ਨੂੰ ਭਾਰਤ ਅਜ਼ਾਦ ਹੋ ਗਿਆ। ਭਾਰਤ ਦੇ ਪਹਿਲੇ ਮੰਤਰੀ ਮੰਡਲ ਵਿੱਚ ਡਾ: ਅੰਬੇਦਕਰ ਨੂੰ ਕਾਨੂੰਨ ਮੰਤਰੀ ਦੀ ਉਪਾਧੀ ਦਿੱਤੀ ਗਈ। 29 ਅਗਸਤ, 1947 ਨੂੰ ਉਨ੍ਹਾਂ ਨੂੰ ਅਜ਼ਾਦ ਭਾਰਤ ਦਾ ਨਵਾਂ ਸੰਵਿਧਾਨ ਬਣਾਉਣ ਲਈ ਖਰੜਾ-ਕਮੇਟੀ ਦੇ ਪ੍ਰਧਾਨ ਵਜੋਂ ਲਿਆ ਗਿਆ। ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿੱਚ 114 ਦਿਨ ਲੱਗੇ। ਇਹ ਖਰੜਾ ਸੰਸਦ ਵੱਲੋਂ ਸਰਬ-ਸੰਮਤੀ ਨਾਲ਼ ਪ੍ਰਵਾਨ ਕੀਤਾ ਗਿਆ।

ਡਾ: ਅੰਬੇਦਕਰ 6 ਦਸੰਬਰ, 1956 ਨੂੰ ਦਿੱਲੀ ਵਿਖੇ ਸਦੀਵੀ ਵਿਛੋੜਾ ਦੇ ਗਏ। ਅਜਿਹੇ ਇਨਸਾਨ ਤਾਂ ਕਦੇ-ਕਦਾਏ ਹੀ ਦੁਨੀਆਂ ਨੂੰ ਸਿੱਧਾ ਰਾਹ ਦਿਖਾਉਣ ਆਉਂਦੇ ਹਨ। ਡਾ: ਸਾਹਿਬ ਨੂੰ 1992 ਵਿੱਚ 'ਭਾਰਤ ਰਤਨ' ਦੀ ਉਪਾਧੀ ਦਿੱਤੀ ਗਈ। ਡਾ: ਅੰਬੇਦਕਰ ਸੱਚਮੁੱਚ ਹੀ ਇੱਕ ਯੁੱਗ-ਪਲਟਾਊ ਪੁਰਸ਼ ਸਨ, ਜਿਨ੍ਹਾਂ ਨੇ ਪਛੜੇ ਵਰਗ ਦੇ ਲੋਕਾਂ ਦੀ ਹਾਲਤ ਸੁਧਾਰਨ 'ਚ ਵੱਡਾ ਯੋਗਦਾਨ ਪਾਇਆ।

ਸਮਤਾ ਜੋਸ਼ੀ

# ਸ਼ਹੀਦਾਂ ਦੇ ਸਿਰਤਾਜ : ਸ੍ਰੀ ਗੁਰੂ ਅਰਜਨ ਦੇਵ ਜੀ

ਸ਼ਾਂਤੀ ਦੇ ਪੁੰਜ ਅਤੇ ਸ਼ਹੀਦਾਂ ਦੇ ਸਿਰਤਾਜ, ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੇਸ਼ ਦੇ ਮਹਾਨ ਵਿਅਕਤੀ ਸਨ।

ਆਪ ਜੀ ਦਾ ਜਨਮ 1563 ਈ: ਨੂੰ ਗੋਇੰਦਵਾਲ ਵਿਖੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਦੋ ਭਰਾ, ਸ੍ਰੀ ਪ੍ਰਿਥੀ ਚੰਦ ਅਤੇ ਸ੍ਰੀ ਮਹਾਂਦੇਵ ਸਨ। ਆਪ ਸਭ ਤੋਂ ਛੋਟੇ ਸਨ। ਆਪ ਨੇ ਬਚਪਨ ਵਿੱਚ ਹੀ ਧਾਰਮਿਕ ਅਤੇ ਸੰਗੀਤ ਵਿੱਦਿਆ ਪ੍ਰਾਪਤ ਕੀਤੀ। ਆਪ ਦੀ ਵਿਦਵਤਾ ਬਚਪਨ ਸਮੇਂ ਹੀ ਉਜਾਗਰ ਹੋ ਗਈ ਸੀ। ਆਪ ਜੀ ਦੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਪਨ ਵਿੱਚ ਹੀ ਆਪ ਨੂੰ ਵਰ ਦੇ ਦਿੱਤਾ ਸੀ ਕਿ "ਦੋਹਿਤਾ ਬਾਣੀ ਕਾ ਬੋਹਿਥਾ" ਵੱਡੇ ਹੋ ਕੇ ਆਪ ਸਚਮੁੱਚ ਹੀ ਬਾਣੀ ਦੇ ਜਹਾਜ਼ ਸਿੱਧ ਹੋਏ।

ਆਪ ਜੀ ਬੜੇ ਹੀ ਨਿਮਰ ਸੁਭਾਅ ਦੇ ਮਾਲਕ ਸਨ। ਆਪ ਦੀ ਅਨੋਖੀ ਪ੍ਰਤਿਭਾ ਤੇ ਉੱਚੇ ਗੁਣਾਂ ਸਦਕਾ ਹੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਗੱਦੀ ਬਖਸ਼ ਦਿੱਤੀ।

ਸਿੱਖ ਧਰਮ ਦੇ ਪ੍ਰਚਾਰ ਲਈ ਆਪ ਨੇ ਕਈ ਮਹਾਨ ਕੰਮ ਕੀਤੇ। ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ, ਜਿਸ ਦਾ ਨੀਂਹ ਪੱਥਰ ਆਪ ਨੇ ਇੱਕ ਮੁਸਲਮਾਨ ਸੂਫੀ ਫ਼ਕੀਰ ਸਾਈਂ ਮੀਆਂ ਮੀਰ ਦੇ ਹੱਥੋਂ ਰਖਵਾਇਆ। ਆਪ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਆਪ ਜੀ ਨੂੰ ਗੁਰਬਾਣੀ ਨਾਲ ਅਥਾਹ ਪਿਆਰ ਸੀ। ਆਪ ਜੀ ਨੇ ਮਹਾਨ ਗ੍ਰੰਥ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ 1604 ਈ:



Scanned by CamScanner

ਨੂੰ ਸੰਪੂਰਨ ਕਰਵਾਇਆ। ਭਾਈ ਗੁਰਦਾਸ ਜੀ ਨੇ ਇਹ ਬੀੜ ਲਿਖੀ। ਉੱਥੇ ਭਗਤਾਂ ਜਿਵੇਂ ਬਾਬਾ ਫਰੀਦ, ਕਬੀਰ ਜੀ, ਨਾਮਦੇਵ ਜੀ, ਤਿਰਲੋਚਨ ਜੀ, ਧੰਨਾ ਜੀ ਅਤੇ ਰਵੀਦਾਸ ਜੀ ਬਾਣੀ ਵੀ ਸ਼ਾਮਲ ਕੀਤੀ। ਰਾਗ ਵਿੱਦਿਆ ਵਿੱਚ ਪ੍ਰਬੀਨ ਹੋਣ ਕਰਕੇ ਆਪਨੇ ਸਾਰੀ ਬਾਣੀ ਨੂੰ ਰਾਗਾਂ ਵਿੱਚ ਤਰਤੀਬ ਦਿੱਤੀ। ਇਸ ਵਿੱਚ ਲਗਭਗ 30 ਸੰਤਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਦਰਜ ਹੈ। 'ਸੁਖਮਨੀ' ਆਪ ਜੀ ਦੀ ਸਭ ਤੋਂ ਪ੍ਰਸਿੱਧ ਬਾਣੀ ਹੈ।

ਸਮੇਂ ਦੀ ਹਕੂਮਤ ਸਿੱਖੀ ਦੇ ਵੱਧਦੇ ਪ੍ਰਚਾਰ ਤੋਂ ਦੁਖੀ ਸੀ। ਜਹਾਂਗੀਰ ਦੇ ਹੁਕਮ ਨਾਲ ਆਪ ਨੂੰ ਕੈਦ ਕਰਕੇ ਅਸਹਿ ਕਸ਼ਟ ਦਿੱਤੇ ਗਏ। ਉਬਲਦੀ ਦੇਗ ਵਿੱਚ ਬਿਠਾਇਆ ਗਿਆ, ਤੱਤੀ ਤਵੀਂ ਤੇ ਬਿਠਾ ਕੇ ਸਿਰ ਉਪਰ ਗਰਮ ਰੇਤ ਪਾਈ ਗਈ। ਆਪ ਦਾ ਸਰੀਰ ਛਾਲਿਆਂ ਨਾਲ ਭਰ ਗਿਆ ਪਰ ਆਪ ਅਡੋਲ ਬੈਠੇ ਰਹੇ ਅਤੇ ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨਿਆ। ਆਪ ਦੀ ਰਸਨਾ ਤੇ



ਗੁਰਬਾਣੀ ਦੀ ਇਹ ਤੁਕ ਸੀ -

" ਤੇਰਾ ਕੀਆ ਮੀਠਾ ਲਾਗੇ, ......... ॥"

ਆਪ 30 ਮਈ, 1606 ਈ: ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦੀ ਯਾਦ ਵਿੱਚ ਲਾਹੌਰ (ਪਾਕਿਸਤਾਨ) ਵਿੱਚ ਕਿਲ੍ਹੇ ਦੇ ਸਾਹਮਣੇ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਹੈ।

# ਸ਼ਹੀਦਾ ਦੇ ਸਿਰਤਾਜ
# ਸ੍ਰੀ ਗੁਰੂ ਅਰਜਨ ਦੇਵ ਜੀ

ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰਤਾਜ ਅਤੇ ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੇਸ਼ ਦੇ ਮਹਾਨ ਵਿਅਕਤੀ ਸਨ। ਆਪ ਨੇ ਪ੍ਰਮਾਤਮਾ ਦਾ ਭਾਣਾ ਮਿੱਠਾ ਕਰਕੇ ਮੰਨਿਆ ਅਤੇ ਅਨੇਕਾਂ ਤਸੀਹੇ ਝੱਲ ਕੇ ਵੀ ਅਟੱਲ ਰਹੇ।

ਆਪ ਜੀ ਦਾ ਜਨਮ 1563 ਈ: ਨੂੰ ਗੋਇੰਦਵਾਲ ਵਿਖੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਦੋ ਭਰਾ ਸ੍ਰੀ ਪ੍ਰਿਥੀ ਚੰਦ ਅਤੇ ਸ੍ਰੀ ਮਹਾਂਦੇਵ ਸਨ। ਆਪ ਸਭ ਤੋਂ ਛੋਟੇ ਸਨ। ਆਪ ਜੀ ਦੀ ਪਾਲਣਾ ਸ੍ਰੀ ਗੁਰੂ ਅਮਰਦਾਸ ਜੋ ਆਪ ਜੀ ਦੇ ਨਾਨਾ ਜੀ ਸਨ ਦੀ ਨਿਗਰਾਨੀ ਹੇਠ ਹੋਈ। ਆਪ ਨੇ ਬਚਪਨ ਵਿੱਚ ਹੀ ਧਾਰਮਿਕ ਵਿੱਦਿਆ ਅਤੇ ਸੰਗੀਤ ਵਿੱਦਿਆ ਪ੍ਰਾਪਤ ਕੀਤੀ। ਛੋਟੀ ਉਮਰ ਵਿੱਚ ਹੀ ਆਪ ਕਾਵਿ-ਰਚਨਾ ਕਰਨ ਲੱਗ ਪਏ ਸਨ।

'ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ' ਅਨੁਸਾਰ ਆਪ ਦੀ ਵਿਦਵਤਾ ਬਚਪਨ ਸਮੇਂ ਤੋਂ ਹੀ ਉਜਾਗਰ ਹੋ ਗਈ ਸੀ। ਗੁਰੂ ਅਮਰਦਾਸ ਜੀ ਨੇ ਬਚਪਨ ਵਿੱਚ ਹੀ ਆਪ ਨੂੰ ਵਰ ਦੇ ਦਿੱਤਾ ਸੀ ਕਿ 'ਦੋਹਿਤਾ ਬਾਣੀ ਕਾ ਬੋਹਿਥਾ' ਵੱਡੇ ਹੋ ਕੇ ਆਪ ਜੀ ਸਚਮੁੱਚ ਹੀ ਬਾਣੀ ਦੇ ਜਹਾਜ਼ ਸਿੱਧ ਹੋਏ।

ਆਪ ਬੜੇ ਹੀ ਨਿਮਰ ਸੁਭਾਅ ਦੇ ਮਾਲਕ ਸਨ। ਆਪ ਦੀ ਅਨੋਖੀ ਪ੍ਰਤਿਭਾ ਤੇ ਉੱਚੇ ਗੁਣਾਂ ਸਦਕਾ ਹੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਗੱਦੀ ਬਖਸ਼ ਦਿੱਤੀ।

ਸਿੱਖ ਧਰਮ ਦੇ ਪ੍ਰਚਾਰ ਲਈ ਆਪ ਨੇ ਕਈ ਮਹਾਨ ਕੰਮ ਕੀਤੇ। ਆਪ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ, ਜਿਸ ਦਾ ਨੀਂਹ ਪੱਥਰ ਆਪ ਨੇ ਇੱਕ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਦੇ ਹੱਥੋਂ ਰਖਵਾਇਆ।

Scanned by CamScanner

ਇਸ ਦੇ ਚਾਰ ਦਰਵਾਜ਼ੇ ਹਨ, ਜਿਸ ਤੋਂ ਭਾਵ ਇਹ ਹੈ ਕਿ ਇਹ ਗੁਰੂਦੁਆਰਾ ਹਰ ਧਰਮ ਲਈ ਖੁੱਲਾ ਹੈ। ਇਸ ਤੋਂ ਬਿਨਾਂ ਆਪ ਨੇ ਸ੍ਰੀ ਤਰਨਤਾਰਨ, ਕਰਤਾਰਪੁਰ, ਛੇਹਰਟਾ ਸਾਹਿਬ, ਹਰਗੋਬਿੰਦ ਪੁਰ ਅਤੇ ਛੇਹਰਟਾ ਨਗਰ ਵਸਾਏ। ਗੁਰਦੁਆਰਿਆਂ ਦੇ ਨਾਲ਼ ਸਰੋਵਰ ਬਣਵਾਏ। ਆਪ ਜੀ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ।

ਆਪ ਜੀ ਨੂੰ ਗੁਰਬਾਣੀ ਨਾਲ ਅਥਾਹ ਪਿਆਰ ਸੀ। ਆਪ ਜੀ ਨੇ ਮਹਾਨ ਗ੍ਰੰਥ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ 1604 ਈ: ਨੂੰ ਸੰਪੂਰਨ ਕਰਵਾਇਆ। ਭਾਈ ਗੁਰਦਾਸ ਜੀ ਨੇ ਇਹ ਬੀੜ ਲਿਖੀ। ਉੱਘੇ ਭਗਤਾਂ ਜਿਵੇਂ ਬਾਬਾ ਫ਼ਰੀਦ, ਕਬੀਰ ਜੀ, ਨਾਮਦੇਵ ਜੀ, ਤਿਰਲੋਚਨ ਜੀ, ਧੰਨਾ ਜੀ ਅਤੇ ਰਵੀਦਾਸ ਜੀ ਦੀ ਬਾਣੀ ਵੀ ਸ਼ਾਮਲ ਕੀਤੀ। ਰਾਗ ਵਿੱਦਿਆ ਵਿੱਚ ਪ੍ਰਬੀਨ ਹੋਣ ਕਰਕੇ ਆਪ ਨੇ ਸਾਰੀ ਬਾਣੀ ਨੂੰ ਰਾਗਾਂ ਵਿੱਚ ਤਰਤੀਬ ਦਿੱਤੀ। ਇਸ ਵਿੱਚ ਲਗਭਗ 30 ਸੰਤਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਦਰਜ ਹੈ। 'ਸੁਖਮਨੀ' ਆਪ ਜੀ ਦੀ ਸਭ ਤੋਂ ਪ੍ਰਸਿੱਧ ਬਾਣੀ ਹੈ।

ਸਮੇਂ ਦੀ ਹਕੂਮਤ ਸਿੱਖੀ ਦੇ ਵੱਧਦੇ ਪ੍ਰਚਾਰ ਤੋਂ ਦੁਖੀ ਸੀ। ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ਼ ਆਪ ਨੂੰ ਕੈਦ ਕਰਕੇ ਅਸਹਿ ਕਸ਼ਟ ਦਿੱਤੇ ਗਏ। ਉਬਲਦੀ ਦੇਗ਼ ਵਿੱਚ ਬਿਠਾਇਆ ਗਿਆ, ਤੱਤੀ ਤਵੀ 'ਤੇ ਬਿਠਾ ਕੇ ਸਿਰ ਉੱਪਰ ਗਰਮ ਰੇਤ ਪਾਈ ਗਈ। ਆਪ ਜੀ ਦਾ ਸਰੀਰ ਛਾਲਿਆਂ ਨਾਲ ਭਰ ਗਿਆ ਪਰ ਆਪ ਅਡੋਲ ਬੈਠੇ ਰਹੇ ਅਤੇ ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨਿਆ।

ਆਪ ਜੀ 30 ਮਈ 1606 ਈ: ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦੀ ਯਾਦ ਵਿੱਚ ਲਾਹੌਰ ਦੇ ਕਿਲ੍ਹੇ (ਪਾਕਿਸਤਾਨ) ਦੇ ਸਾਹਮਣੇ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਹੈ।

ਕਰਤਾਰ ਸਿੰਘ ਸਹੀ ਪੰਜਾਬੀ ਮਾਸਟਰ

Scanned by CamScanner

# ਨਸ਼ਾ - ਇੱਕ ਸਰਾਪ

ਅਜੋਕੇ ਵਿਗਿਆਨਿਕ ਯੁੱਗ ਦੇ ਮਨੁੱਖ 'ਤੇ ਬਹੁਤ ਸਾਰੇ ਅਹਿਸਾਨ ਹਨ। ਵਿਗਿਆਨ ਨੇ ਮਨੁੱਖ ਨੂੰ ਬਹੁਤ ਸਾਰੇ ਵਰ ਬਖਸ਼ੇ ਹਨ,ਜਿਨ੍ਹਾਂ ਨਾਲ਼ ਮਨੁੱਖੀ ਜੀਵਨ ਬਹੁਤ ਹੀ ਸੌਖਾ ਹੋ ਗਿਆ ਹੈ। ਪਰ ਵਰ ਦੇ ਨਾਲ਼ ਹੀ ਕੁਝ ਸਰਾਪ ਵੀ ਦਿੱਤੇ ਹਨ। ਨਸ਼ੇ ਇਸ ਸਰਾਪ ਦਾ ਹਿੱਸਾ ਹਨ ਜਿਹੜੇ ਕਿਸੇ ਵੀ ਮਨੁੱਖ ਤੋਂ ਇਨਸਾਨ ਕਹਾਉਣ ਦਾ ਹੱਕ ਖੋ ਲੈਂਦੇ ਹਨ। ਨਸ਼ੇ ਕਰਨ ਵਾਲ਼ਾ ਮਨੁੱਖ ਕਈ ਵਾਰ ਨਾ ਚਾਹੁੰਦੇ ਹੋਏ ਵੀ ਅਜਿਹੀਆਂ ਮਾੜੀਆਂ ਹਰਕਤਾਂ ਕਰ ਬੈਠਦਾ ਹੈ, ਜਿਹੜੀਆਂ ਸਧਾਰਨ ਹਾਲਤਾਂ ਵਿਚ ਕਰਨੀਆਂ ਉਹ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ। ਲੜਾਈ -ਝਗੜਾ,ਗਾਲ਼ੀ ਗਲੋਚ,ਚੋਰੀ ਆਦਿ ਦਾ ਮੁੱਢ ਨਸ਼ਾ ਹੀ ਹੈ।

ਸਾਡੇ ਸਮਾਜ ਵਿਚ ਨਸ਼ਿਆਂ ਦੀ ਆਦਤ ਭਾਵੇਂ ਮੁੱਢ ਤੋਂ ਹੀ ਤੁਰੀ ਆਉਂਦੀ ਹੈ ਪਰ ਅੱਜ ਦੇ ਵਿਗਿਆਨਕ ਯੁੱਗ ਵਿੱਚ ਨਸ਼ੇ ਦੀਆਂ ਕਿਸਮਾਂ ਨੇ ਬੜਾ ਭਿਆਨਕ ਰੂਪ ਧਾਰ ਲਿਆ ਹੈ। ਸਮੈਕ ਵਰਗੇ ਨਸ਼ੇ ਐਸੇ ਖਤਰਨਾਕ ਅਤੇ ਜਾਨਲੇਵਾ ਹਨ ਕਿ ਥੋੜੇ ਸਮੇਂ ਲਈ ਜੇ ਕਿਸੇ ਨੇ ਇਹ ਨਸ਼ਾ ਸ਼ੌਕੀਆ ਤੌਰ 'ਤੇ ਕਰ ਲਿਆ ਤਾਂ ਉਹ ਉਮਰ ਇਸ ਦਾ ਗੁਲਾਮ ਬਣ ਜਾਂਦਾ ਹੈ। ਸਾਡੇ ਮੁਲਕ ਵਿਚ ਅਤੇ ਖ਼ਾਸ ਕਰਕੇ ਪੰਜਾਬ ਵਿਚ ਇਹ ਨਸ਼ਾ ਐਨੀ ਤੇਜ਼ੀ ਨਾਲ਼ ਨੌਜਵਾਨਾਂ ਵਿਚ ਵਧ ਗਿਆ ਹੈ ਕਿ ਆਉਣ ਵਾਲ਼ੇ ਸਮੇਂ ਵਿਚ ਕੋਈ ਵਿਰਲਾ ਹੀ ਨੌਜਵਾਨ ਤੰਦਰੁਸਤ ਨਜ਼ਰ ਆਵੇਗਾ।



ਨਸ਼ਿਆਂ ਦੇ ਵਪਾਰੀ ਲੋਕ ਚੜ੍ਹਦੀ ਜਵਾਨੀ ਵਾਲੇ ਮੁੰਡਿਆਂ ਨੂੰ ਨਸ਼ੇ ਦਾ ਚਸਕਾ ਲਾਉਂਦੇ ਹਨ। ਪਹਿਲਾਂ ਇੱਕ-ਦੋ ਵਾਰੀ ਮੁਫ਼ਤ ਨਸ਼ਾ ਕਰਾਉਂਦੇ ਹਨ, ਇਸ ਨੂੰ

Scanned by CamScanner

ਮੌਤ ਦੇ ਵਪਾਰੀ 'ਨਵਾਂ ਬੂਟਾ ਲਾਉਣਾ' ਕਹਿੰਦੇ ਹਨ। ਜਦੋਂ ਬੰਦੇ ਨੂੰ ਆਦਤ ਪੈ ਜਾਂਦੀ ਹੈ ਤਾਂ ਫਿਰ ਉਹ ਉਹਨਾਂ ਦਾ ਪੱਕਾ ਗਾਹਕ ਬਣ ਜਾਂਦਾ ਹੈ। ਫਿਰ ਉਹ ਪਹਿਲਾਂ ਮੁਫ਼ਤ ਪਿਆਏ ਨਸ਼ੇ ਦੀ ਕੀਮਤ ਕਈ ਗੁਣਾ ਕਰਕੇ ਵਸੂਲਦੇ ਹਨ।

ਪੰਜਾਬ ਦੇ ਖ਼ੂਬਸੂਰਤ, ਬਹਾਦਰ ਅਤੇ ਰਿਸ਼ਟ-ਪੁਸ਼ਟ ਜਵਾਨ ਜੋ ਆਪਣੇ ਦੇਸ ਦੀ ਖ਼ਾਤਰ ਹੱਸ ਕੇ ਕੁਰਬਾਨੀਆਂ ਦਿੰਦੇ ਸਨ, ਉਨ੍ਹਾਂ ਦੀ ਜਵਾਨੀ ਅੱਜ ਕਿਹੜੇ ਪਾਸੇ ਤੁਰ ਪਈ ਹੈ? ਉਹ ਆਪਣੇ ਅਤੇ ਆਪਣੇ ਘਰਦਿਆਂ ਦੇ ਆਪ ਦੁਸ਼ਮਣ ਬਣ ਗਏ ਹਨ।

ਸਾਰੇ ਨਸ਼ੇ ਹੀ ਤੰਦਰੁਸਤੀ ਦੇ ਦੁਸ਼ਮਣ ਹਨ। ਜੇ ਤੰਦਰੁਸਤੀ ਨਹੀਂ, ਅਰੋਗਤਾ ਨਹੀਂ ਤਾਂ ਦੁਨੀਆਂ ਦੇ ਸਭ ਪ੍ਰਕਾਰ ਦੇ ਸੁਆਦੀ ਫਲ, ਭੋਜਨ, ਮੇਵੇ, ਸਭ ਤਰ੍ਹਾਂ ਦੇ ਸੁੱਖ ਮਨੁੱਖ ਲਈ ਕੋਈ ਅਰਥ ਨਹੀਂ ਰੱਖਦੇ।

ਨਸ਼ੇੜੀ ਪੁਰਖ ਦੇ ਚਿਹਰੇ ਦਾ ਰੰਗ ਅਤੇ ਸ਼ਕਲ ਵੱਖਰੇ ਪ੍ਰਕਾਰ ਦੀ ਹੋ ਜਾਂਦੀ ਹੈ। ਸ਼ਰਾਬ, ਅਫ਼ੀਮ, ਭੰਗ, ਪੋਸਤ, ਟੀਕੇ, ਗਾਂਜਾ, ਭੁੱਕੀ, ਤੰਬਾਕੂ ਆਦਿ ਸਾਰੇ ਨਸ਼ੇ ਹੀ ਮਨੁੱਖੀ ਧਨ, ਤੰਦਰੁਸਤੀ ਅਤੇ ਸਮੇਂ ਦਾ ਵਿਨਾਸ਼ ਕਰਦੇ ਹਨ। ਤੰਬਾਕੂ ਦੇ ਨਸ਼ੇ ਨਾਲ਼ ਨਸ਼ੇੜੀ ਦੇ ਫੇਫੜੇ, ਗੁਰਦੇ ਆਦਿ ਗਲ-ਸੜ ਜਾਂਦੇ ਹਨ। ਤੰਬਾਕੂ ਸੇਵਨ ਤਾਂ ਮਨੁੱਖੀ ਜ਼ਿੰਦਗੀ ਦਾ ਅਜਿਹਾ ਵੱਡਾ ਰੋਗ ਹੈ, ਜੇ ਇਹ ਸਰੀਰ ਨੂੰ ਲੱਗ ਗਿਆ ਤਾਂ ਮਨੁੱਖ ਦੀ ਉਮਰ ਅੱਜ ਵੀ ਖ਼ਤਮ ਤੇ ਕੱਲ ਵੀ ਖ਼ਤਮ।

ਸਾਡਾ ਦੇਸ ਸ਼ਰਾਬ, ਹੀਰੋਇਨ, ਸਮੈਕ ਆਦਿ ਨਸ਼ੀਲੇ ਪਦਾਰਥਾਂ ਦੇ ਕਾਲ ਚੱਕਰ ਵਿੱਚ ਬੁਰੀ ਤਰ੍ਹਾਂ ਧੱਸਦਾ ਜਾ ਰਿਹਾ ਹੈ। ਅਕਸਰ ਹੀ ਜ਼ਹਿਰੀਲੀ ਸ਼ਰਾਬ, ਨਸ਼ੀਲੇ ਪਦਾਰਥਾਂ ਨਾਲ਼ ਮਰਨ ਵਾਲ਼ਿਆਂ ਦੀਆਂ ਖ਼ਬਰਾਂ ਦੇਖਣ ਨੂੰ ਮਿਲਦੀਆਂ ਹਨ।

ਅੱਜ ਪੰਜਾਬ ਦੇ ਬੁੱਧੀਜੀਵੀ, ਅਧਿਆਪਕ, ਵੱਡੇ ਵਪਾਰੀ, ਮਾਪੇ ਅਤੇ ਪੰਜਾਬ ਦੇ ਹਰ ਮੁੱਲਵਾਨ ਵਿਅਕਤੀ ਨੂੰ ਇਕੱਠੇ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਤਾਂ ਜੋ ਉਹ ਗੁੰਮਰਾਹ ਹੋ ਰਹੀ ਜਵਾਨੀ ਨੂੰ ਆਪੋ ਆਪਣੇ ਤਰੀਕੇ ਨਾਲ਼ ਸਿੱਧੇ ਰਾਹ ਪਾ ਸਕਣ।

ਸਰਕਾਰ ਸਿੰਘ ਸੇਖੋਂ ਪੰਜਾਬੀ ਮਾਸਟਰ


Scanned by CamScanner

# ਸ੍ਰੀ ਅਨੰਦਪੁਰ ਸਾਹਿਬ




ਸ੍ਰੀ ਅਨੰਦਪੁਰ ਸਾਹਿਬ ਪੰਜਾਬ ਦੇ ਜਿਲ੍ਹਾ ਰੂਪ ਨਗਰ (ਰੋਪੜ) ਵਿੱਚ ਸਥਿਤ ਇੱਕ ਪ੍ਰਸਿੱਧ ਇਤਿਹਾਸਕ ਸ਼ਹਿਰ ਹੈ। 13 ਮਈ, 1665 ਈ: ਨੂੰ ਬਿਲਾਸਪੁਰ ਦੇ ਰਾਜਾ ਦੀਪ ਚੰਦ ਦੀ ਰਾਣੀ ਚੰਪਾ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਇਸ ਸਥਾਨ ਤੇ ਨਿਵਾਸ ਕਰਨ ਲਈ ਲੋਧੀਪੁਰ, ਮੀਆਂਪੁਰ, ਸਹੋਤਾ ਅਤੇ ਮਾਖੋਵਾਲ ਪਿੰਡਾਂ ਦੀ ਜ਼ਮੀਨ ਭੇਂਟ ਕੀਤੀ। 19 ਜੂਨ, 1665 ਈ: ਨੂੰ ਬਾਬਾ ਗੁਰਦਿੱਤਾ ਜੀ ਨੇ ਮਾਖੋਵਾਲ ਪਿੰਡ ਦੀ ਜੂਹ ਵਿੱਚ ਇੱਕ ਨਗਰ ਦੀ ਨੀਂਹ ਰੱਖੀ ਅਤੇ ਉਸ ਦਾ ਨਾਂ ਦਿੱਤਾ 'ਚੱਕ ਨਾਨਕੀ' ਜੋ ਬਾਅਦ ਵਿੱਚ ਅਨੰਦਪੁਰ ਦੇ ਨਾਂ ਨਾਲ਼ ਜਾਣਿਆ।

ਇਹ ਸ਼ਹਿਰ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਸਥਿਤ ਹੈ। ਇਹ ਨੀਮ ਪਹਾੜੀ ਇਲਾਕਾ ਹੈ ਜੋ ਛੋਟੀਆਂ - ਛੋਟੀਆਂ ਕੱਚੀਆਂ ਪਹਾੜੀਆਂ ਨਾਲ਼ ਘਿਰਿਆ ਹੋਇਆ ਹੈ।



1675 ਈ: ਨੂੰ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਵਿਖੇ ਸਨ ਤਾਂ ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆ ਕੇ ਕਸ਼ਮੀਰੀ ਪੰਡਿਤਾਂ ਨੇ ਉਨ੍ਹਾਂ ਨੂੰ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਫ਼ਰਿਆਦ ਕੀਤੀ। ਗੁਰੂ ਜੀ ਨੇ ਉਹਨਾਂ ਦੀ ਬੇਨਤੀ 'ਤੇ ਇੱਥੋਂ ਚੱਲ ਕੇ ਦਿੱਲੀ ਜਾ ਕੇ ਸ਼ਹੀਦੀ

Scanned by CamScanner

ਦਿੱਤੀ ਅਤੇ ਧਰਮ ਦੀ ਰੱਖਿਆ ਕੀਤੀ।

1699 ਈ: ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ ਖਾਲਸੇ ਦੀ ਜਨਮ ਭੂਮੀ ਹੋਣ ਦਾ ਮਾਣ ਬਖਸ਼ਿਆ। ਗੁਰੂ ਜੀ ਨੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨ ਲਈ ਪੰਜ ਪਿਆਰਿਆਂ ਦੀ ਚੋਣ ਕੀਤੀ ਅਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਥੇ ਕਈ ਵਾਰ ਖਾਲਸੇ ਅਤੇ ਮੁਗਲ ਫੌਜਾਂ ਵਿੱਚ ਯੁੱਧ ਹੋਏ। ਗੁਰੂ ਸਾਹਿਬਾਨਾਂ ਦੀਆਂ ਪਵਿੱਤਰ ਯਾਦਾਂ ਨਾਲ਼ ਸੰਬੰਧਿਤ ਅਨੇਕਾਂ ਗੁਰਦਵਾਰੇ ਇੱਥੇ ਸੁਸ਼ੋਭਿਤ ਹਨ।

ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਸੰਸਾਰ ਪ੍ਰਸਿੱਧ ਹੈ। ਹੋਲੀ ਤੋਂ ਅਗਲੇ ਤਿੰਨ ਦਿਨ ਮਨਾਏ ਜਾਂਦੇ ਹੋਲੇ ਮਹੱਲੇ ਦੀ ਰੀਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਰੰਭ ਕੀਤੀ। ਦੂਰ ਦਰਾਡੇ ਤੋਂ ਨਿਹੰਗ ਸਿੰਘ ਭਾਰੀ ਗਿਣਤੀ ਵਿੱਚ ਇੱਥੇ ਆਉਂਦੇ ਹਨ, ਸਾਰੇ ਗੁਰਦਵਾਰਿਆਂ ਦੀ ਸਜਾਵਟ ਕੀਤੀ ਜਾਂਦੀ ਹੈ। ਗਤਕੇ ਅਤੇ ਘੋੜ ਸਵਾਰੀ ਦੇ ਮੁਕਾਬਲੇ ਹੁੰਦੇ ਹਨ। ਧਾਰਮਿਕ ਸਮਾਗਮ ਕੀਤੇ ਜਾਂਦੇ ਹਨ।

ਅਨੰਦਪੁਰ ਸਾਹਿਬ ਵਿਖੇ ਸੰਗਤਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸੀਸ ਗੰਜ ਸਾਹਿਬ, ਗੁਰੂ ਕਾ ਮਹਿਲ, ਭੋਰਾ ਸਾਹਿਬ, ਥੜ੍ਹਾ ਸਾਹਿਬ (ਦੀਵਾਨੇ-ਆਮ) ਮੰਜੀ ਸਾਹਿਬ ਵਿਖੇ ਨਮਸਤਕ ਹੁੰਦੀਆਂ ਹਨ।

ਅਨੰਦਪੁਰ ਸਾਹਿਬ ਵਿਖੇ ਮੁੱਖ ਕਿਲ੍ਹੇ ਅਨੰਦਗੜ੍ਹ ਸਮੇਤ ਚਾਰ ਹੋਰ ਕਿਲ੍ਹੇ - ਲੋਹਗੜ੍ਹ ਸਾਹਿਬ, ਹੋਲਗੜ੍ਹ ਸਾਹਿਬ, ਫਤਿਹਗੜ੍ਹ ਸਾਹਿਬ ਅਤੇ ਤਾਰਾਗੜ੍ਹ ਸਾਹਿਬ ਹਨ।

ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ ਹੈਰੀਟੇਜ਼ ਅਤੇ ਸ੍ਰੀ ਦਸਮੇਸ਼ ਅਕੈਡਮੀ ਵੇਖਣਯੋਗ ਸਥਾਨ ਹਨ।

ਰਣਤਾਰ ਸਿੰਘ ਜੋਸ਼ੀ

# ਖੇਡਾਂ ਦਾ ਮਹੱਤਵ




ਅਜੋਕੀ ਵਿੱਦਿਆ ਪ੍ਰਣਾਲੀ ਵਿਦਿਆਰਥੀਆਂ ਦੇ ਸਿਰਫ਼ ਦਿਮਾਗ ਨੂੰ ਹੀ ਵਿਕਸਿਤ ਨਹੀਂ ਕਰਦੀ ਸਗੋਂ ਇਸ ਦਾ ਉਦੇਸ਼ ਦਿਮਾਗੀ, ਸਰੀਰਕ ਤੇ ਇਖ਼ਲਾਕੀ ਪੱਖ ਤੋਂ ਵਿਦਿਆਰਥੀਆਂ ਨੂੰ ਅਗਾਂਹ ਵਧਾਉਣਾ ਹੈ। ਨਿਰੋਗ ਸਰੀਰ ਵਿੱਚ ਹੀ ਵਿਕਸਿਤ ਅਤੇ ਨਿਰੋਗ ਦਿਮਾਗ ਦਾ ਵਾਸਾ ਹੁੰਦਾ ਹੈ। ਪੰਜਾਬੀ ਲੋਕ ਕਹਿੰਦੇ ਹਨ –
'ਜਿਸਮ ਵਿੱਚ ਜੇ ਤਾਕਤ ਨਹੀਂ, ਤਾਂ ਸਮਝੋ ਸਿਰ ਵਿਚ ਲਿਆਕਤ ਨਹੀਂ।'

ਖੇਡਾਂ ਜੀਵਨ ਦਾ ਅਟੁੱਟ ਅੰਗ ਹਨ। ਜੀਵਨ ਵਿਚ ਇਹਨਾਂ ਦੀ ਵਿਸ਼ੇਸ਼ ਥਾਂ ਹੈ। ਸੰਸਾਰ ਦੀਆਂ ਜਿੰਨੀਆਂ ਵੀ ਉੱਨਤ ਕੌਮਾਂ ਹਨ, ਉਹ ਸਭ ਖੇਡਾਂ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਸਮਝਦੀਆਂ ਹਨ। ਅਜਿਹੇ ਦੇਸ਼ਾਂ ਵਿੱਚ ਖੇਡਾਂ ਵਿਦਿਆਰਥੀ ਜੀਵਨ ਦਾ ਜ਼ਰੂਰੀ ਅੰਗ ਬਣਾਈਆਂ ਗਈਆਂ ਹਨ। ਇਹਨਾਂ ਦੇਸ਼ਾਂ ਦੇ ਲੋਕ ਸਰੀਰਕ ਤੇ ਮਾਨਸਿਕ ਤੌਰ ਤੇ ਸਾਡੇ ਨਾਲੋਂ ਤਕੜੇ ਹਨ।

ਖੇਡਾਂ ਸਰੀਰਕ ਅਰੋਗਤਾ ਪ੍ਰਦਾਨ ਕਰਦੀਆਂ ਹਨ। ਖਿਡਾਰੀ ਸਦਾ ਰਿਸ਼ਟ-ਪੁਸ਼ਟ ਰਹਿੰਦਾ ਹੈ। ਉਸ ਵਿਚੋਂ ਆਲਸ ਨਾਂ ਦੀ ਬੀਮਾਰੀ ਦੂਰ ਹੋ ਜਾਂਦੀ ਹੈ। ਖੇਡਾਂ ਨਾਲ ਸਰੀਰ ਵਿਚ ਚਲ ਰਹੇ ਖ਼ੂਨ ਦਾ ਦੌਰਾ ਤੇਜ਼ ਰਹਿੰਦਾ ਹੈ ਜਿਸ ਨਾਲ ਮਿਹਦੇ ਦੀ ਪਾਚਨ ਸ਼ਕਤੀ ਠੀਕ ਰਹਿੰਦੀ ਹੈ ਤੇ ਇਸ ਨਾਲ ਸਰੀਰ ਅਰੋਗ ਰਹਿੰਦਾ ਹੈ।

ਆਮ ਕਹਾਵਤ ਹੈ, "ਅਰੋਗ ਸਰੀਰ ਵਿੱਚ ਹੀ ਅਰੋਗ ਮਨ ਹੋ ਸਕਦਾ ਹੈ।" ਇਸ ਤੋਂ ਬਿਨਾ ਤਾਂ ਨਿਰੇ ਕਿਤਾਬੀ ਕੀੜੇ ਜ਼ਿੰਦਗੀ ਦੀ ਦੌੜ ਵਿਚ ਪਿੱਛੇ ਰਹਿ ਜਾਂਦੇ ਹਨ।



ਖਿਡਾਰੀ ਨੂੰ ਖੇਡਦੇ ਸਮੇਂ ਕੁਝ ਨਿਯਮਾਂ ਦੀ ਪਾਲਣਾ ਵੀ ਕਰਨੀ ਪੈਂਦੀ ਹੈ। ਹਰ ਖੇਡ ਦੇ ਕੁਝ ਨਿਯਮ ਹੁੰਦੇ ਹਨ। ਉਹਨਾਂ ਦੀ ਪਾਲਣਾ ਕਰਨੀ, ਆਪਣੇ ਕਪਤਾਨ ਦੀ ਆਗਿਆ ਦਾ ਪਾਲਣ ਕਰਨਾ ਅਤੇ ਰੈਫ਼ਰੀ ਦੇ ਫ਼ੈਸਲੇ

Scanned by CamScanner

ਨੂੰ ਖਿੜੇ ਮੱਥੇ ਮੰਨਣਾ ਖਿਡਾਰੀ ਦੇ ਫਰਜ਼ ਹੁੰਦੇ ਹਨ। ਇਸ ਤਰ੍ਹਾਂ ਖੇਡਾਂ ਅਨੁਸ਼ਾਸਨ ਸਿਖਾਉਂਦੀਆਂ ਹਨ।



ਖੇਡਾਂ ਦਿਲ ਪਰਚਾਵੇ ਦਾ ਸਾਧਨ ਵੀ ਹਨ। ਖੇਡ ਦੇ ਸਮੇਂ ਮਨ ਵਿਚ ਖੁਸ਼ੀ ਦੇ ਉਬਾਲ ਉੱਠਦੇ ਹਨ।

ਖੇਡਾਂ ਦੁਆਰਾ ਮਨੁੱਖ ਅੰਦਰ ਸਵੈਮਾਨ ਦੀ ਰੁਚੀ ਦੀ ਸੰਤੁਸ਼ਟੀ ਹੈ ਜਿਸ ਕਾਰਨ ਮਨੁੱਖ ਇਕ ਦੂਸਰੇ ਤੋਂ ਅੱਗੇ ਨਿਕਲਦਾ ਹੈ।

ਖੇਡ ਵਿੱਚ ਖਿਡਾਰੀ ਹਾਰ ਕੇ ਵੀ ਨਿਰਾਸ਼ ਨਹੀਂ ਹੁੰਦਾ ਸਗੋਂ ਅੱਗੇ ਲਈ ਦਲੇਰੀ ਨਾਲ ਜਤਨ ਕਰਦਾ ਰਹਿੰਦਾ ਹੈ ਤਾਂ ਕਿ ਜਿੱਤ ਪ੍ਰਾਪਤ ਕਰ ਸਕੇ। ਇਸ ਤਰ੍ਹਾਂ ਉਹ ਜ਼ਿੰਦਗੀ ਵਿੱਚ ਮੁਸ਼ਕਿਲਾਂ ਆਉਣ ਤੇ ਘਬਰਾਉਂਦਾ ਨਹੀਂ।



ਖੇਡ ਏਕਤਾ ਦੀ ਲੜੀ ਹੈ। ਇਹ ਸਮਾਜਿਕ ਦ੍ਰਿਸ਼ਟੀਕੋਣ ਦਿੰਦੀ ਹੈ। ਰਲ ਕੇ ਯਤਨ ਕਰਨ ਦੀ ਜਾਂਚ ਆ ਜਾਂਦੀ ਹੈ। ਖਿਡਾਰੀ ਆਪਣੇ ਜਾਤੀ ਵਿਤਕਰਿਆਂ ਨੂੰ ਭੁੱਲ ਕੇ ਸਾਂਝੀ ਜਿੱਤ ਲਈ ਕੰਮ ਕਰਦੇ ਹਨ। ਇਹ ਆਦਤ ਉਸ ਦੀ ਉਮਰ ਭਰ ਚਲਦੀ ਹੈ ਜਿਸ ਨਾਲ ਉਹ ਸਮਾਜ ਸੇਵਾ ਕਰ ਸਕਦਾ ਹੈ।

ਨਿਰੀਆਂ ਖੇਡਾਂ ਅਤੇ ਨਿਰੀ ਪੜ੍ਹਾਈ ਠੀਕ ਨਹੀ ਹੈ। ਖੇਡਾਂ ਵਿਚ ਇੰਨ੍ਹਾ ਨਹੀ ਰੁਲ ਜਾਣਾ ਚਾਹੀਦਾ ਕਿ ਬਾਕੀ ਜਿੰਮੇਵਾਰੀਆਂ ਵਲ ਧਿਆਨ ਹੀ ਨਾ ਦਿੱਤਾ ਜਾਵੇ। ਸਫ਼ਲਤਾ-ਪੂਰਵਕ ਜਿਉਣ ਲਈ ਖੇਡਾਂ ਜ਼ਰੂਰੀ ਹਨ। ਇਸ ਲਈ ਜ਼ਿੰਦਗੀ ਵਿਚ ਬਾਕੀ ਕੰਮਾਂ ਦੇ ਨਾਲ਼-ਨਾਲ਼ ਖੇਡਾਂ ਵੀ ਚਲਦੀਆਂ ਰਹਿਣੀਆਂ ਚਾਹੀਦੀਆਂ ਹਨ।





ਖੇਡਾਂ ਰਾਹੀਂ ਮਨੁੱਖ ਆਗਿਆ ਦਾ ਪਾਲਣ ਕਰਨਾ, ਸਮੇਂ ਦਾ ਪਾਬੰਦ ਹੋਣਾ, ਸਹਿਨਸ਼ੀਲਤਾ, ਸੱਚ ਬੋਲਣਾ, ਚੰਗਾ ਚਰਿੱਤਰ ਅਤੇ ਮੁਕਾਬਲੇ ਦੀ ਭਾਵਨਾ ਆਦਿ ਸਦਗੁਣ ਸਿੱਖਦਾ ਹੈ।

ਸੰਗਤਾਰ ਸਿੰਘ ਪੰਜਾਬੀ ਮਾਸਟਰ

Scanned by CamScanner

# ਵਿਸਾਖੀ ਦਾ ਅੱਖੀਂ ਡਿੱਠਾ ਮੇਲਾ

- **ਪੰਜਾਬੀ ਜੀਵਨ ਦੀ ਤਸਵੀਰ** — ਪੰਜਾਂ ਦਰਿਆਂ ਦੀ ਧਰਤੀ ਪੰਜਾਬ ਵਿੱਚ ਵੱਖ ਵੱਖ ਰੁੱਤਾਂ, ਤਿਉਂਹਾਰਾਂ, ਧਰਮਾਂ, ਇਤਿਹਾਸਿਕ ਪਾਤਰਾਂ, ਯੋਧਿਆਂ ਅਤੇ ਸ਼ਹੀਦਾਂ ਨਾਲ਼ ਸੰਬੰਧਿਤ ਬਹੁਤ ਸਾਰੇ ਮੇਲੇ ਲਗਦੇ ਹਨ। ਪੁਰਾਣੇ ਸਮੇਂ ਵਿੱਚ ਇਹ ਮੇਲੇ ਨਦੀਆਂ ਦੇ ਕੰਢਿਆਂ, ਢਾਬਾਂ, ਝਿੜੀਆਂ, ਬੇਲਿਆਂ ਅਤੇ ਵੱਡੇ ਪਿੰਡਾਂ ਜਾਂ ਇਤਿਹਾਸਿਕ ਸ਼ਹਿਰਾਂ ਵਿੱਚ ਲੱਗਦੇ ਸਨ। ਉਸ ਸਮੇਂ ਲੋਕ ਆਪਣੀਆਂ ਘਰੇਲੂ ਜ਼ਰੂਰਤਾਂ ਦਾ ਸਮਾਨ ਵੀ ਮੇਲਿਆਂ ਵਿੱਚੋਂ ਖ਼ਰੀਦ ਕੇ ਲਿਆਉਂਦੇ ਸਨ। ਮੇਲੇ ਤਾਂ ਹੁਣ ਵੀ ਲਗਦੇ ਹਨ ਪਰ ਹੁਣ ਇਹਨਾਂ ਦਾ ਸਰੂਪ ਬਦਲ ਗਿਆ ਹੈ। ਲੋਕ ਹੁਣ ਵੀ ਬੜੇ ਚਾਅ ਨਾਲ਼ ਮੇਲਾ ਦੇਖਣ ਜਾਂਦੇ ਹਨ। ਹਰ ਥਾਂ ਤੇ ਆਪਣੇ-ਆਪਣੇ ਰਿਵਾਜ ਮੁਤਾਬਕ ਮੇਲੇ ਲਗਦੇ ਹਨ ਜੋ ਸਾਡੇ ਸੱਭਿਆਚਾਰ ਅਤੇ ਰਹਿਣੀ ਬਹਿਣੀ ਨੂੰ ਦਰਸਾਉਂਦੇ ਹਨ। ਮੈਂ ਵੀ ਇਸ ਸਾਲ ਆਪਣੇ ਪਰਿਵਾਰ ਨਾਲ਼ ਸ਼ਹੀਦੀ ਸਮਾਰਕ ਹੁਸੈਨੀ-ਵਾਲਾ ਵਿਖੇ ਵਿਸਾਖੀ ਦਾ ਮੇਲਾ ਦੇਖਣ ਗਿਆ।
- **ਮੇਲੇ ਜਾਣ ਦੀ ਤਿਆਰੀ** — ਇਸ ਸਾਲ ਮੇਰਾ ਨਤੀਜਾ ਵਧੀਆ ਆਉਣ ਦੀ ਖ਼ੁਸ਼ੀ ਵਿੱਚ ਮੇਰੇ ਪਿਤਾ ਜੀ ਨੇ ਸਾਡੇ ਸਾਰੇ ਪਰਿਵਾਰ ਨੂੰ ਹੁਸੈਨੀਵਾਲਾ ਵਿਖੇ ਵਿਸਾਖੀ ਦਾ ਮੇਲਾ ਵਿਖਾਉਣ ਦਾ ਫ਼ੈਸਲਾ ਕੀਤਾ। ਵਿਸਾਖੀ ਵਾਲੇ ਦਿਨ ਅਸੀ ਸਾਰੇ ਸਵੱਖਤੇ ਹੀ ਫ਼ਿਰੋਜ਼ਪੁਰ ਨੂੰ ਰਵਾਨਾ ਹੋ ਗਏ।
- **ਵਿਸਾਖੀ ਦਾ ਇਤਿਹਾਸ** — ਰਸਤੇ ਵਿੱਚ ਪਿਤਾ ਜੀ ਨੇ ਦੱਸਿਆ ਕਿ ਪੁਰਾਣੇ ਸਮੇਂ ਵਿੱਚ ਲੋਕ ਇਹ ਤਿਉਹਾਰ ਹਾੜੀ ਦੀ ਫ਼ਸਲ ਪੱਕਣ ਦੀ ਖ਼ੁਸ਼ੀ ਵਿੱਚ ਸ਼ਗਨਾਂ ਨਾਲ਼ ਕਣਕ ਦੀ ਵਾਢੀ ਸ਼ੁਰੂ ਕਰਕੇ ਹੀ ਮਨਾਉਂਦੇ ਸਨ। ਵਿਸਾਖੀ ਸਾਡੇ ਦੇਸ਼ ਦਾ ਇਤਿਹਾਸਿਕ ਤਿਉਹਾਰ ਵੀ ਹੈ। ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸੇ ਦਿਨ ਹੀ 1919 ਈ: ਨੂੰ ਜ਼ਾਲਮ ਅੰਗਰੇਜ਼ ਜਨਰਲ

ਜਗਤਾਰ ਸਿੰਘ ਸੋਖੀ
9417166386.

Scanned by CamScanner

ਡਾਇਰ ਨੇ ਜਲ੍ਹਿਆਂਵਾਲਾ ਬਾਗ਼ ਅੰਮ੍ਰਿਤਸਰ ਵਿੱਚ ਨਿਹੱਥੇ ਲੋਕਾਂ ਤੇ ਗੋਲੀਆਂ ਚਲਾ ਕੇ ਸੈਂਕੜੇ ਲੋਕਾਂ ਨੂੰ ਸ਼ਹੀਦ ਕਰ ਦਿੱਤਾ ਸੀ।

- ਮੇਲੇ ਵਿੱਚ ਪਹੁੰਚਣਾ — ਰਸਤੇ ਵਿੱਚ ਬਹੁਤ ਸਾਰੇ ਖੇਤਾਂ ਵਿੱਚ ਕਣਕ ਦੀ ਫ਼ਸਲ ਵੱਢੀ ਜਾ ਚੁੱਕੀ ਸੀ। ਵਿਰਲੇ-ਟਾਂਵੇ ਖੇਤਾਂ ਵਿੱਚ ਕੰਬਾਈਨਾਂ ਕਣਕ ਵੱਢ ਰਹੀਆਂ ਸਨ। ਫ਼ਿਰੋਜ਼ਪੁਰ ਤੋਂ ਅਸੀਂ ਬਾਰਡਰ ਰੋਡ ਹੁੰਦੇ ਹੋਏ ਸਤਲੁਜ ਦਰਿਆ ਦਾ ਪੁਲ ਪਾਰ ਕਰਕੇ ਸ਼ਹੀਦ ਸ: ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਪੁੱਜ ਗਏ। ਸਾਡੇ ਸਾਰੇ ਪਰਿਵਾਰ ਨੇ ਸ਼ਹੀਦਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।
- ਮੇਲੇ ਦਾ ਦ੍ਰਿਸ਼ — ਸਤਲੁਜ ਦਰਿਆ ਦੇ ਕਿਨਾਰੇ ਤੇ ਵਿਸ਼ਾਲ ਪਾਰਕ ਵਿੱਚ ਵਿਸਾਖੀ ਦਾ ਮੇਲਾ ਲੱਗਾ ਹੋਇਆ ਸੀ। ਵੱਖ-ਵੱਖ ਕਲਾ ਪਰਦਰਸ਼ਨੀਆਂ ਲੱਗੀਆਂ ਹੋਈਆਂ ਸਨ। ਅਸੀ ਇਕ ਪੁਸਤਕ ਮੇਲੇ ਤੋਂ ਕੁਝ ਪੁਸਤਕਾਂ ਵੀ ਖ਼ਰੀਦੀਆਂ। ਨਾਟ ਮੰਡਲੀਆਂ ਦੇ ਨਾਟਕ ਵੀ ਦੇਖੇ। ਵੱਖ ਵੱਖ ਸਭਾ ਸੁਸਾਇਟੀਆਂ ਵੱਲੋਂ ਲੰਗਰ ਵੀ ਲਾਏ ਹੋਏ ਸਨ। ਪਾਰਕ ਦੇ ਇੱਕ ਸਿਰੇ 'ਤੇ ਝੂਲੇ ਲੱਗੇ ਹੋਏ ਸਨ ਅਤੇ ਬੋਟਿੰਗ ਵੀ ਹੋ ਰਹੀ ਸੀ। ਵੱਖ ਵੱਖ ਕੰਪਨੀਆਂ ਵੱਲੋਂ ਵੱਡੀਆਂ ਵੱਡੀਆਂ ਸਕਰੀਨਾਂ ਤੇ ਮਸ਼ਹੂਰੀਆਂ ਕੀਤੀਆਂ ਜਾ ਰਹੀਆਂ ਸਨ। ਅਸੀਂ ਸਾਰੇ ਪਰਿਵਾਰ ਨੇ ਮੇਲੇ ਦਾ ਪੂਰਾ ਅਨੰਦ ਮਾਣਿਆ।
- ਘਰ ਵਾਪਸੀ — ਸ਼ਾਮ ਸਮੇਂ ਹੁਸੈਨੀਵਾਲਾ ਬਾਰਡਰ 'ਤੇ ਭਾਰਤੀ ਅਤੇ ਪਾਕਿਸਤਾਨੀ ਕੌਮੀ ਝੰਡਿਆਂ ਦੀ ਰੀਟਰੀਟਮੈਂਟ ਸੈਰਾਮਨੀ ਦਾ ਸਮਾ ਹੋਣ 'ਤੇ ਅਸੀਂ ਸਾਰੇ ਪਰਿਵਾਰ ਨੇ ਸਰਹੱਦ ਤੇ ਜ਼ੀਰੋ ਲਾਈਨ 'ਤੇ ਇਸ ਅਨੋਖੀ ਰਸਮ ਨੂੰ ਨੇੜਿਓ ਤੱਕਿਆ। ਹਨੇਰਾ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਅਸੀਂ ਘਰ ਵਾਪਸ ਚੱਲ ਪਏ। ਸੱਚਮੁੱਚ ਹੀ ਅਸੀਂ ਸਾਰਿਆਂ ਨੇ ਇਸ ਵਿਸਾਖੀ ਦੇ ਮੇਲੇ ਦਾ ਭਰਪੂਰ ਆਨੰਦ ਮਾਣਿਆ।

Scanned by CamScanner

# ਮੇਰਾ ਮਨ-ਭਾਉਂਦਾ ਅਧਿਆਪਕ

• ਮਨ- ਭਾਉਂਦਾ ਅਧਿਆਪਕ — ਅਧਿਆਪਕ ਸਾਨੂੰ ਜ਼ਿੰਦਗੀ ਦਾ ਸਲੀਕਾ ਸਿਖਾਉਂਦੇ ਨੇ। ਮਾਂ-ਬਾਪ ਸਾਡਾ ਪਾਲਣ-ਪੋਸ਼ਣ ਕਰਦੇ ਹਨ ਪਰ ਅਧਿਆਪਕ ਸਾਨੂੰ ਜ਼ਿੰਦਗੀ ਜੀਉਣਾ ਸਿਖਾਉਂਦੇ ਹਨ। ਸਾਡੇ ਲਈ ਅਧਿਆਪਕ ਦਾ ਦਰਜਾ ਸਭ ਤੋਂ ਉੱਪਰ ਹੈ। ਮੇਰੇ ਸਕੂਲ ਵਿੱਚ ਕੁੱਲ ..... ਅਧਿਆਪਕ ਹਨ। ਸਾਰੇ ਅਧਿਆਪਕ ਹੀ ਬਹੁਤ ਮਿਹਨਤੀ, ਸੁਯੋਗ ਅਤੇ ਸਤਿਕਾਰਯੋਗ ਹਨ। ਪਰ ਕਈ ਵਾਰ ਬਾਲ ਮਨਾਂ ਨੂੰ ਕਿਸੇ ਇੱਕ ਵਿਸ਼ੇਸ਼ ਅਧਿਆਪਕ ਸਾਹਿਬ ਨਾਲ਼ ਉਹਨਾਂ ਦੇ ਵਿਸ਼ੇਸ਼ ਗੁਣਾਂ ਕਰਕੇ ਲਗਾਓ ਹੋ ਜਾਂਦਾ ਹੈ ਅਤੇ ਵਿਦਿਆਰਥੀ ਫਿਰ ਉਹਨਾਂ ਨੂੰ ਆਪਣਾ ਆਦਰਸ਼ ਮੰਨਣ ਲੱਗ ਪੈਂਦੇ ਹਨ। ਵਿਦਿਆਰਥੀ ਉਹਨਾਂ ਨਾਲ਼ ਆਪਣੇ ਵਲਵਲੇ ਬਿਨਾਂ ਕਿਸੇ ਝਿਜਕ ਦੇ ਸਾਂਝੇ ਕਰਦੇ ਹਨ। ਮੈਂ ਆਪਣੇ ਸਾਰੇ ਅਧਿਆਪਕਾਂ ਦਾ ਬਹੁਤ ਹੀ ਸਤਿਕਾਰ ਕਰਦਾ ਹਾਂ ਪਰ ਮੈਂ ਸ਼੍ਰੀ/ਸ਼੍ਰੀਮਤੀ.....ਨੂੰ ਉਹਨਾਂ ਦੇ ਵਿਲੱਖਣ ਗੁਣਾਂ ਕਾਰਨ ਆਪਣਾ ਆਦਰਸ਼ ਮੰਨਦਾ ਹਾਂ। ਉਹ ਮੇਰੇ ਮਨ-ਭਾਉਂਦੇ ਅਧਿਆਪਕ ਹਨ।

• ਪੜ੍ਹਾਉਣ ਦਾ ਢੰਗ — ਉਹਨਾਂ ਦਾ ਪੜ੍ਹਾਉਣ ਦਾ ਢੰਗ ਬੜਾ ਹੀ ਨਿਆਰਾ ਹੈ। ਉਹ ਸਾਨੂੰ ਪੰਜਾਬੀ ਵਿਸ਼ਾ ਪੜ੍ਹਾਉਂਦੇ ਹਨ। ਉਹ ਸਾਨੂੰ ਬੜੇ ਹੀ ਪਿਆਰ ਨਾਲ਼ ਪੜ੍ਹਾਉਂਦੇ ਹਨ। ਉਹ ਕਦੇ ਵੀ ਨਹੀਂ ਅੱਕਦੇ ਸਗੋਂ ਛੋਟੀਆਂ ਛੋਟੀਆਂ ਰੌਚਿਕ ਕਹਾਣੀਆਂ ਸੁਣਾ ਕੇ ਸਾਨੂੰ ਆਪਣੇ ਨਾਲ਼ ਜੋੜ ਲੈਂਦੇ ਹਨ। ਉਹ ਵਿਆਕਰਨ ਦੇ ਔਖੇ ਪਾਠਾਂ ਨੂੰ ਖੇਡ ਖੇਡ ਵਿੱਚ ਬੜੀ ਰੌਚਿਕਤਾ ਨਾਲ਼ ਸਰਲ ਬਣਾ ਕੇ ਸਮਝਾ ਦਿੰਦੇ ਹਨ। ਉਹ ਸਾਨੂੰ ਭਾਸ਼ਾ ਦਾ ਸਹੀ ਉਚਾਰਨ ਵੀ ਦਸਦੇ ਰਹਿੰਦੇ ਹਨ। ਉਹਨਾਂ ਦੀ ਲਿਖਾਈ ਬਹੁਤ ਸੁੰਦਰ ਹੈ, ਉਹ ਸਾਡੀ ਲਿਖਾਈ ਸੁੰਦਰ ਬਣਾਉਣ ਲਈ ਗੁਰ ਵੀ ਦੱਸਦੇ ਰਹਿੰਦੇ ਹਨ।

ਜਗਤਾਰ ਸਿੰਘ ਸੋਢੀ

• ਵਿਦਿਆਰਥੀਆਂ ਪ੍ਰਤੀ ਰਵੱਈਆ — ਉਹ ਹਰ ਬੱਚੇ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਹਨ। ਉਹ ਕਿਸੇ ਵੀ ਬੱਚੇ ਨੂੰ ਕਦੇ ਝਿੜਕਦੇ ਨਹੀਂ ਅਤੇ ਹਰ ਗੱਲ ਨੂੰ ਵਿਗਿਆਨਿਕ ਢੰਗ ਨਾਲ਼ ਸਮਝਾਉਂਦੇ ਹਨ। ਉਹ ਬੱਚਿਆਂ ਨੂੰ ਭਾਸ਼ਨ ਕਲਾ ਵਿੱਚ ਨਿਪੁੰਨ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਉਹ ਬੱਚਿਆਂ ਨੂੰ ਨੈਤਿਕ

Scanned by CamScanner

ਕਦਰਾਂ-ਕੀਮਤਾਂ ਬਾਰੇ ਵੀ ਦੱਸਦੇ ਰਹਿੰਦੇ ਹਨ।

- ਵਾਤਾਵਰਨ ਪ੍ਰਤੀ ਚੇਤੰਨ — ਉਹ ਹਮੇਸ਼ਾਂ ਬੱਚਿਆਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਰੁੱਖਾਂ ਦੀ ਸਾਂਭ-ਸੰਭਾਲ ਕਰਨ ਵੱਲ ਵਿਸ਼ੇਸ਼ ਰੁਚੀ ਰੱਖਦੇ ਹਨ। ਉਹ ਵਿਦਿਆਰਥੀਆਂ ਨੂੰ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨ, ਕੁਦਰਤ ਨਾਲ ਪਿਆਰ ਕਰਨ ਅਤੇ ਸਾਈਕਲ ਚਲਾਉਣ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਵਿਦਿਅਕ ਟੂਰ ਵੀ ਲਗਵਾਉਂਦੇ ਹਨ।
- ਸੰਸਥਾ ਪ੍ਰਤੀ ਸਮਰਪਿਤ — ਉਹ ਹਮੇਸ਼ਾਂ ਸਮੇਂ ਤੋਂ ਪਹਿਲਾਂ ਸਕੂਲ ਆ ਕੇ ਸਕੂਲ ਕੈਂਪਸ ਦਾ ਨਿਰੀਖਣ ਕਰਦੇ ਹਨ। ਵਿਦਿਆਰਥੀਆਂ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਸਕੂਲ ਦੇ ਖੇਡ ਮੈਦਾਨਾਂ, ਪਾਰਕਾਂ ਅਤੇ ਪੀਣ ਦੇ ਪਾਣੀ ਦੇ ਦੇ ਪ੍ਰਬੰਧ ਨੂੰ ਸੁਚੱਜੀ ਦਿੱਖ ਪ੍ਰਦਾਨ ਕਰਨਾ ਉਹਨਾਂ ਦਾ ਵਿਸ਼ੇਸ਼ ਮੰਤਵ ਹੈ।
- ਪੁਸਤਕ ਪ੍ਰੇਮੀ — ਉਹ ਸਾਡੇ ਸਕੂਲ ਦੀ ਲਾਇਬ੍ਰੇਰੀ ਦੇ ਇੰਚਾਰਜ ਵੀ ਹਨ। ਪੁਸਤਕਾਂ ਪ੍ਰਤੀ ਸਾਡੀ ਰੁਚੀ ਪੈਦਾ ਕਰਨ ਲਈ ਨਵੀਆਂ ਨਵੀਆਂ ਪੁਸਤਕਾਂ ਖ਼ਰੀਦਦੇ ਹਨ। ਸਮੇਂ ਸਮੇਂ ਤੇ ਸਕੂਲ ਵਿੱਚ ਪੁਸਤਕ ਮੇਲੇ ਅਤੇ ਬਾਲ ਮੇਲੇ ਵੀ ਲਾਉਂਦੇ ਹਨ। ਬਾਲ ਮੈਗਜ਼ੀਨ ਵੀ ਕੱਢਦੇ ਹਨ। ਉਹ ਬੱਚਿਆਂ ਨੂੰ ਅੰਧ-ਵਿਸ਼ਵਾਸ, ਲਾਲਚ, ਚੋਰੀ, ਝੂਠ ਅਤੇ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਰਹਿਣ ਲਈ ਪ੍ਰੇਰਦੇ ਰਹਿੰਦੇ ਹਨ।
- ਬਹੁ-ਪੱਖੀ ਸ਼ਖ਼ਸੀਅਤ — ਉਹ ਚੰਗੇ ਲੇਖਕ, ਵਧੀਆ ਖਿਡਾਰੀ, ਉੱਚ ਕੋਟੀ ਦੇ ਬੁਲਾਰੇ, ਦਿਆਨਤਦਾਰ ਅਤੇ ਚੰਗੀ ਸਿਹਤ ਦੇ ਮਾਲਕ ਹਨ। ਉਹ ਹਰ ਇੱਕ ਨਾਲ ਮਿੱਤਰਤਾ ਰੱਖਦੇ ਹਨ। ਸਕੂਲ ਦੇ ਸਾਰੇ ਅਧਿਆਪਕ ਅਤੇ ਪਿੰਡ ਵਾਸੀ ਉਹਨਾਂ ਦਾ ਆਦਰ ਸਤਿਕਾਰ ਕਰਦੇ ਹਨ। ਉਹ ਮੇਰੇ ਹੀ ਨਹੀਂ, ਸਕੂਲ ਦੇ ਹੀ ਨਹੀਂ ਸਗੋਂ ਸਮੁੱਚੇ ਇਲਾਕੇ ਦੇ ਹਰਮਨ-ਪਿਆਰੇ ਅਤੇ ਸਨਮਾਨਯੋਗ ਅਧਿਆਪਕ ਹਨ।

# ਮੇਰਾ ਮਨ-ਭਾਉਂਦਾ ਕਵੀ (ਬਾਬਾ ਨਜਮੀ)

Muskan
PAGE NO.
DATE

• ਜਾਣ ਪਛਾਣ – ਪੰਜਾਬੀ ਸਾਹਿਤ ਦੁਨੀਆ ਭਰ ਦੇ ਸਾਹਿਤ ਜਗਤ ਵਿੱਚ ਆਪਣੀ ਵਿਸ਼ੇਸ਼ ਪਛਾਣ ਰੱਖਦਾ ਹੈ। ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਅਧੁਨਿਕ ਕਾਵਿ ਦਾ ਅਧਿਐਨ ਕਰਦਿਆਂ ਮਨ ਵਿਸਮਾਦ ਨਾਲ਼ ਭਰ ਜਾਂਦਾ ਹੈ। ਮੇਰੇ ਲਈ ਸਾਰੇ ਹੀ ਪੰਜਾਬੀ ਕਵੀ ਸਤਿਕਾਰਯੋਗ ਹਨ, ਪਰ ਅਧੁਨਿਕ-ਕਾਵਿ ਜਗਤ ਦੇ ਪ੍ਰਸਿੱਧ ਕਵੀਆਂ ਵਿੱਚੋਂ ਬਾਬਾ ਨਜਮੀ ਮੇਰਾ ਮਨ-ਭਾਉਂਦਾ ਕਵੀ ਹੈ। ਜਿਸ ਦੀਆਂ ਸੋਚਾਂ ਸੁੱਚੀਆਂ ਤੇ ਖ਼ਰੀਆਂ ਨੇ। ਉਸ ਦੀ ਸ਼ਾਇਰੀ ਖ਼ੁਸ਼ਬੂ ਵਾਂਗ ਆਪੇ ਲੋਕਾਂ ਤੱਕ ਅੱਪੜ ਜਾਂਦੀ ਹੈ। ਜਿਸ ਦੀ ਸੋਚ ਲੋਕ ਪੱਖੀ ਹੈ ਤੇ ਲੋਕਾਂ ਦੇ ਮਸਲੇ ਹੱਲ ਕਰਨ ਦਾ ਯਤਨ ਕਰਦੀ ਹੈ। ਉਹ ਕਾਮਿਆਂ, ਕਿਸਾਨਾਂ, ਦਿਹਾੜੀਦਾਰਾਂ ਤੇ ਮੁਜਾਰਿਆਂ ਦੀ ਲੁੱਟ-ਖਸੁੱਟ ਤੇ ਦੁਸ਼ਵਾਰੀਆਂ ਦਾ ਜ਼ਿਕਰ ਬੜੀ ਜੁਰੱਅਤ ਨਾਲ਼ ਆਪਣੀ ਸ਼ਾਇਰੀ ਵਿੱਚ ਕਰਦਾ ਹੈ। ਉਹ ਪੰਜਾਬੀ ਅਦਬ ਦਾ ਲਾਡਲਾ ਅਤੇ ਅਣਖੀ ਸ਼ਾਇਰ ਹੈ ਜਿਸ ਦਾ ਕਲਾਮ ਨਵੇਂ ਦੌਰ ਦੇ ਸ਼ਾਇਰਾਂ ਦੀਆਂ ਜਰੂਰਤਾਂ ਦਾ ਖ਼ਜ਼ਾਨਾ ਹੈ। ਉਹ ਤਰੱਕੀ ਪਸੰਦ ਸੋਚ ਦਾ ਮਾਲਕ ਹੈ – ਇਸ ਧਰਤੀ ਦਾ ਨਕਸ਼ਾ ਬਦਲਣ ਵਾਲਾ ਏ

ਦਰਿਆ ਆਪਣਾ ਰਸਤਾ ਬਦਲਣ ਵਾਲਾ ਏ ......

ਬਾਬਾ ਨਜਮੀ ਇਨਸਾਨੀਅਤ ਨੂੰ ਪਿਆਰ ਕਰਨ ਵਾਲਾ ਸ਼ਾਇਰ ਹੈ। ਉਹ ਸਟੇਜ 'ਤੇ ਆ ਕੇ ਮੁਸ਼ਾਇਰਾ ਲੁੱਟ ਲੈਂਦਾ ਹੈ। ਉਹ ਪੰਜਾਬੀ ਦਾ ਵੱਡਾ ਸ਼ਾਇਰ ਹੀ ਨਹੀਂ ਸਗੋਂ ਅਲਮ-ਬਰਦਾਰ ਵੀ ਹੈ। ਉਸ ਦੀਆਂ ਪੰਜਾਬੀ ਤਹਿਰੀਕ ਦੇ ਹੱਕ ਵਿੱਚ ਲਿਖੀਆਂ ਨਜ਼ਮਾਂ ਲੋਕਾਂ ਦੀ ਜ਼ੁਬਾਨ ਤੇ ਚੜ੍ਹ ਚੁੱਕੀਆਂ ਹਨ –

'ਅੱਖਰਾਂ ਵਿੱਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ
ਲੱਖਝਾਂ ਦੇ ਵਿੱਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।'........

ਬਾਬਾ ਨਜਮੀ ਔਰਤਾਂ ਦੀ ਸਿੱਖਿਆ ਦੇ ਹੱਕ ਵਿੱਚ ਡਟ ਕੇ ਕਹਿੰਦਾ ਏ –

ਇਲਮ ਦੀ ਮੰਗਣ ਲੋ, ਵੇ ਧੀਆਂ ਸ਼ਹਿਰ ਦੀਆਂ
ਇਨ੍ਹਾਂ ਨਾਲ਼ ਖਲੋ, ਵੇ ਧੀਆਂ ਸ਼ਹਿਰ ਦੀਆਂ .......

ਜਨਮ ਤੇ ਵਿਰਸਾ – ਬਾਬਾ ਨਜਮੀ ਦਾ ਜਨਮ 6 ਸਤੰਬਰ, 1948 ਈ ਨੂੰ ਮੰਗਤੇ ਖ਼ਾਂ ਦੇ ਘਰ ਲਾਹੌਰ ਵਿੱਚ ਹੋਇਆ। ਇਹਨਾਂ ਦਾ ਪਿਛਲਾ ਪਿੰਡ 'ਜਗਦੇ ਹਾਸ਼ਿਮ ਕੇ' (ਅੰਮ੍ਰਿਤਸਰ) ਹੈ। 1947 ਦੇ ਉਜਾੜੇ ਸਮੇਂ ਇਹਨਾਂ

Scanned by CamScanner

PAGE NO.
DATE

ਦਾ ਪਰਿਵਾਰ ਪਹਿਲਾਂ ਨਾਰੋਵਾਲ (ਸਿਆਲਕੋਟ) ਵਿਖੇ ਆ ਗਿਆ, ਫਿਰ ਇਹਨਾਂ ਦੇ ਪਿਤਾ ਜੀ ਨੇ ਘੁਮਿਆਰਪੁਰਾ (ਅੱਜ ਦਾ ਗਾਜ਼ੀਆਬਾਦ) ਲਾਹੌਰ ਦੇ ਇਲਾਕੇ 'ਚ ਸਾਈਕਲ ਮੁਰੰਮਤ ਦੀ ਦੁਕਾਨ ਖੋਲ੍ਹ ਲਈ। ਆਪ ਪੜ੍ਹਾਈ ਦੇ ਨਾਲ਼ ਨਾਲ਼ ਦੁਕਾਨ ਤੇ ਆਪਣੇ ਪਿਤਾ ਜੀ ਨਾਲ਼ ਕੰਮ ਵੀ ਕਰਦੇ ਰਹੇ। ਆਪ ਦਾ ਬਚਪਨ ਦਾ ਨਾਮ ਬਸ਼ੀਰ ਹੁਸੈਨ ਹੈ, ਡਾ. ਗੁਲਾਮ ਅਹਿਮਦ ਤਾਹਿਰ ਨੇ ਇਹਨਾਂ ਦੇ ਨਾਮ ਨਾਲ਼ ਨਜਮੀ ਜੋੜ ਦਿਤਾ। ਪਿੰਡ ਦੇ ਹਾਈ ਸਕੂਲ ਵਿੱਚ ਇਕ ਡਰਾਮੇ ਵਿੱਚ ਬੁੱਢੇ ਬਾਬੇ ਦਾ ਕਿਰਦਾਰ ਕਰਨ ਤੇ ਇਹਨਾਂ ਦੇ ਨਾਮ ਨਾਲ਼ ਬਾਬਾ ਜੁੜ ਗਿਆ।

- ਪਰਿਵਾਰਿਕ ਜੀਵਨ — ਆਪ ਦਾ ਵਿਆਹ ਅਮੀਨਾ ਬੇਗਮ ਨਾਲ਼ ਹੋਇਆ। ਆਪ ਦੇ ਦੋ ਪੁੱਤਰ ਤੇ ਛੇ ਧੀਆਂ ਸਾਰੇ ਪੜ੍ਹੇ ਲਿਖੇ ਹਨ।
- ਰਚਨਾਵਾਂ — ਬਾਬਾ ਨਜਮੀ ਦੀਆਂ ਤਿੰਨ ਪੁਸਤਕਾਂ ਅੱਖਰਾਂ ਵਿੱਚ ਸਮੁੰਦਰ, ਸੋਚਾਂ ਵਿੱਚ ਜਹਾਨ ਅਤੇ ਮੇਰਾ ਨਾਂ ਇਨਸਾਨ ਗੁਰਮੁੱਖੀ ਲਿਪੀ ਵਿੱਚ ਛਪ ਕੇ ਸਾਡੇ ਤੱਕ ਪਹੁੰਚੀਆਂ ਹਨ। ਉਹਨਾਂ ਦੀਆਂ 2002 ਤੋਂ ਬਾਦ ਲਿਖੀਆਂ ਰਚਨਾਵਾਂ ਕਿਸੇ ਵੀ ਕਾਵਿ ਸੰਗ੍ਰਹਿ ਵਿੱਚ ਪ੍ਰਕਾਸ਼ਿਤ ਹੋਈਆਂ ਨਹੀਂ ਮਿਲਦੀਆਂ।

ਲੋਕਾਂ ਦਾ ਸ਼ਾਇਰ — ਬਾਬਾ ਨਜਮੀ ਲੋਕਾਂ ਦਾ ਸ਼ਾਇਰ ਹੈ। ਉਹ ਆਪਣੀ ਸ਼ੈਲੀ ਤੇ ਸੂਝਵਾਨੀ ਨਾਲ਼ ਬਹੁਤ ਕੁਝ ਸਮਝਦਾ ਤੇ ਜਾਣਦਾ ਹੈ। ਅੱਜਕਲ ਉਹ ਕਰਾਚੀ (ਪਾਕਿਸਤਾਨ) ਵਿਖੇ ਰਹਿ ਰਿਹਾ ਹੈ। ਉਹ ਪੰਜਾਬੀ ਦਾ ਕਾਮਾ ਸ਼ਾਇਰ ਹੈ ਜਿਸ ਦੀ ਸ਼ਾਇਰੀ ਬੇਚੈਨ ਤੇ ਬੇਬਾਕ ਸੋਚਾਂ ਸੋਰਦੀ ਕੜਾਕੇ ਨਾਲ਼ ਬੋਲਦੀ ਹੈ। ਜਿਸ ਦੇ ਸ਼ੇਅਰ ਸੱਜਰੀ ਸਵੇਰ ਦੇ ਸੁਫ਼ਨੇ ਬਣ ਮਨੁੱਖ ਦਾ ਅੰਦਰ ਜਗਾ ਛੱਡਦੇ ਨੇ — 'ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ।
ਉੱਗਣ ਵਾਲ਼ੇ ਉੱਗ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ।'

ਇਸ ਮਹਾਨ ਸ਼ਾਇਰ ਦੀ ਅਜਿਹੀ ਸ਼ਾਇਰੀ ਜੋ ਲੋਕ ਮਨਾਂ ਨੂੰ ਟੁੰਬਦੀ ਹੋਈ, ਉਹਨਾਂ ਵਿੱਚ ਚੇਤਨਾ ਭਰਦੀ ਹੈ। ਇਸੇ ਕਰਕੇ ਹੀ ਉਹ ਮੇਰਾ ਮਨ-ਭਾਉਂਦਾ ਕਵੀ ਹੈ।

'ਮੰਜ਼ਿਲ ਦੇ ਮੱਥੇ ਉੱਤੇ ਤਖ਼ਤੀ ਲੱਗਣੀ ਉਹਨਾਂ ਦੀ,
ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਆਪਣੇ ਸਫ਼ਰਾਂ ਦਾ'

— ਬਾਬਾ ਨਜਮੀ

Scanned by CamScanner

# ਵਾਤਾਵਰਨ ਦਿਵਸ



**ਵਾਤਾਵਰਨ ਦਿਵਸ** ਇੱਕ ਅਜਿਹਾ ਦਿਨ ਹੈ ਜੋ ਧਰਤੀ ਦੇ ਵਾਤਾਵਰਨ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਦਾ ਹੈ। ਅੱਜ ਕੱਲ੍ਹ ਸਾਡੇ ਆਲ਼ੇ-ਦੁਆਲ਼ੇ ਧੂੰਆਂ, ਮਿੱਟੀ, ਫੈਕਟਰੀਆਂ ਦਾ ਗੰਦਾ ਪਾਣੀ ਤੇ ਜ਼ਹਿਰੀਲੀਆਂ ਗੈਸਾਂ ਫੈਲ ਰਹੀਆਂ ਹਨ। ਧਰਤੀ ਦਾ ਹਵਾ ਤੇ ਪਾਣੀ ਦੂਸ਼ਿਤ ਹੋ ਰਿਹਾ ਹੈ। ਓ-ਜ਼ੋਨ ਪਰਤ ਵਿੱਚ ਛੇਕ ਹੋ ਰਹੇ ਹਨ, ਜਿਸ ਨਾਲ ਕੈਂਸਰ ਵਰਗੀਆਂ ਭਿਆਨਕ ਮਾਰੂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਵਾਤਾਵਰਨ ਦੀ ਸੁਰੱਖਿਆ ਲਈ ਕੀਤੇ ਜਾਣ ਵਾਲ਼ੇ ਯਤਨਾਂ ਅਤੇ ਵਿਚਾਰਾਂ ਨੂੰ ਅਮਲ 'ਚ ਲਿਆਉਣ ਅਤੇ ਪ੍ਰਗਟ ਕਰਨ ਲਈ ਜੋ ਦਿਨ ਮਨਾਇਆ ਜਾਂਦਾ ਹੈ, ਉਸ ਨੂੰ ਵਾਤਾਵਰਨ ਦਿਵਸ ਕਿਹਾ ਜਾਂਦਾ ਹੈ। ਹਰ ਸਾਲ 05 ਜੂਨ ਨੂੰ ਸੰਸਾਰ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ। ਸਾਨੂੰ ਵਾਤਾਵਰਨ ਨੂੰ ਬਚਾਉਣ ਦੇ ਯਤਨ ਕਰਦੇ ਹੋਏ ਹੇਠ ਲਿਖੇ ਕਾਰਜਾਂ ਰਾਹੀਂ ਵਾਤਾਵਰਨ ਦਿਵਸ ਮਨਾਉਣਾ ਚਾਹੀਦਾ ਹੈ ਅਤੇ ਹਰ ਰੋਜ਼ ਉਪਰਾਲੇ ਕਰਨੇ ਚਾਹੀਦੇ ਹਨ:-

ਰੁੱਖ ਲਗਾ ਕੇ – ਰੁੱਖ ਧਰਤੀ ਤੇ ਗ੍ਰੀਨ ਹਾਊਸ ਗੈਸਾਂ ਦਾ ਨਿਕਾਸ ਰੋਕਦੇ ਹਨ, ਭੋਂ-ਖੋਰ ਰੋਕਦੇ ਹਨ, ਆਕਸੀਜ਼ਨ ਦਿੰਦੇ ਹਨ ਅਤੇ ਕਾਰਬਨ-ਡਾਈਆਕਸਾਈਡ ਸੋਖਦੇ ਹਨ। ਕੁਦਰਤੀ ਸੰਤੁਲਨ ਬਣਾਈ ਰੱਖਣ ਲਈ ਜੰਗਲੀ ਜੀਵ-ਜੰਤੂਆਂ ਨੂੰ ਘਰ ਪ੍ਰਦਾਨ ਕਰਦੇ ਹਨ। ਇਹ ਵਰਖਾ ਲਿਆਉਣ ਵਿੱਚ ਸਹਾਇਕ ਹਨ।

ਪੰਛੀਆਂ ਨਾਲ ਪਿਆਰ :- ਪੰਛੀ ਮਨੁੱਖ ਦੇ ਮਿੱਤਰ ਹਨ, ਉਹਨਾਂ ਨਾਲ ਪਿਆਰ ਕਰੋ। ਉਹਨਾਂ ਦੇ ਆਲ੍ਹਣੇ ਬਣਾਓ, ਉਹਨਾਂ ਨੂੰ ਚੋਗਾ ਪਾਓ, ਜਿਸ ਨਾਲ ਉਹ ਮਨੁੱਖ ਦੇ ਮਿੱਤਰ ਬਣ ਕੇ ਹਾਨੀਕਾਰਕ ਕੀਟਾਂ ਨੂੰ ਖਤਮ ਕਰਕੇ ਵਾਤਾਵਰਨ ਬਚਾਉਣ 'ਚ ਸਾਡੀ ਮਦਦ ਕਰਨਗੇ।

ਪਲਾਸਟਿਕ ਵਸਤਾਂ ਦੀ ਘੱਟ ਵਰਤੋਂ :- ਪਲਾਸਟਿਕ ਤੋਂ ਬਣੇ ਪਦਾਰਥ ਅਤੇ ਲਿਫ਼ਾਫ਼ੇ ਆਦਿ ਗਲ਼ਦੇ ਨਹੀਂ, ਸਾੜਨ ਨਾਲ਼ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆ ਹਨ। ਇਸ ਲਈ ਇਹਨਾਂ ਦੀ ਵਰਤੋਂ ਘੱਟ ਕਰੋ।

ਕੂੜੇ-ਕਰਕਟ ਦੀ ਯੋਗ ਸੰਭਾਲ਼ :- ਕੂੜਾ ਕਰਕਟ ਖੁੱਲ੍ਹੇ ਥਾਵਾਂ ਤੇ ਸੁੱਟਣ ਨਾਲ ਜ਼ਹਿਰੀਲੀਆਂ ਗੈਸਾਂ ਵਾਤਾਵਰਨ ਵਿੱਚ ਫੈਲਦੀਆਂ ਹਨ। ਇਸ ਲਈ ਇਸ ਨੂੰ ਢੁਕਵੇਂ ਢੰਗ ਨਾਲ ਦਬਾ ਕੇ ਨਸ਼ਟ ਕਰੋ।

ਬਿਜਲੀ ਅਤੇ ਹੋਰ ਊਰਜਾ ਦੀ ਬੱਚਤ :- ਸਾਨੂੰ ਬਿਜਲੀ ਦੀ ਬੱਚਤ ਕਰਨੀ ਚਾਹੀਦੀ ਹੈ। ਮੋਟਰ ਗੱਡੀਆ ਦਾ ਧੂੰਆਂ ਵੀ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੈ। ਇਸ ਲਈ ਇਹਨਾਂ ਦੀ ਸੀਮਤ ਵਰਤੋਂ ਕਰੋ।

ਹੋਰਾਂ ਨੂੰ ਵਾਤਾਵਰਨ ਪ੍ਰਤੀ ਸੁਚੇਤ ਕਰਕੇ :- ਆਪਣੇ ਸਾਥੀਆਂ, ਮਾਪਿਆਂ ਅਤੇ ਲੋਕਾਂ ਨੂੰ ਵਾਤਾਵਰਨ ਦੀ ਸਾਂਭ-ਸੰਭਾਲ਼ ਬਾਰੇ ਸੁਚੇਤ ਕਰਕੇ ਜਿਵੇ, ਖਾਦਾਂ ਦੀ ਸੀਮਤ ਵਰਤੋਂ, ਕੀਟ-ਨਾਸ਼ਕ ਸਪਰੇਆਂ ਦੇ ਨੁਕਸਾਨ, ਜੈਵਿਕ ਖਾਦ ਦੇ ਲਾਭ ਬਾਰੇ ਦੱਸਣਾ ਆਦਿ ਅਤੇ ਵਾਤਾਵਰਨ ਦੀ ਸੰਭਾਲ ਬਾਰੇ ਕਵਿਤਾਵਾਂ, ਗੀਤਾਂ ਰਾਹੀਂ ਅਤੇ ਭਾਸ਼ਣ-ਮੁਕਾਬਲਿਆਂ ਅਤੇ ਕੈਂਪਾਂ ਰਾਹੀਂ ਅਸੀਂ ਅਸੀਂ ਵਾਤਾਵਰਨ ਦਿਵਸ ਮਨਾ ਕੇ ਲੋਕਾਂ ਨੂੰ ਵਾਤਾਵਰਨ ਬਚਾਉਣ ਬਾਰੇ ਉਤਸ਼ਾਹਿਤ ਕਰ ਸਕਦੇ ਹਾਂ। ਇਸ ਤਰਾਂ ਅਸੀਂ ਸਿਹਤਮੰਦ ਸਮਾਜ ਸਿਰਜ ਸਕਦੇ ਹਾਂ।



ਮਨਤਾਜ ਸਿੰਘ ਸੋਢੀ

Scanned by CamScanner

# ਮੈਂ ਸਰਦੀਆਂ ਦੀਆਂ ਛੁੱਟੀਆਂ ਕਿਵੇਂ ਬਿਤਾਈਆਂ

ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਨਵੰਬਰ ਤੋਂ ਮਾਰਚ ਤੱਕ ਸਰਦੀਆਂ ਦਾ ਮੌਸਮ ਹੁੰਦਾ ਹੈ। ਦਸੰਬਰ ਅਤੇ ਜਨਵਰੀ ਮਹੀਨਿਆਂ 'ਚ ਬਹੁਤ ਧੁੰਦ ਅਤੇ ਸਰਦੀ ਪੈਂਦੀ ਹੈ। ਤਾਪਮਾਨ ਬਹੁਤ ਘਟ ਜਾਂਦਾ ਹੈ। ਜ਼ਿਆਦਾ ਸਰਦੀ ਕਾਰਨ ਸਕੂਲਾਂ ਵਿੱਚ 25 ਦਸੰਬਰ ਤੋਂ 31 ਦਸੰਬਰ ਤੱਕ ਛੁੱਟੀਆਂ ਹੋ ਜਾਂਦੀਆਂ ਹਨ। ਲੋਕ ਘਰਾਂ ਵਿੱਚ ਵੜਕੇ ਬੈਠ ਜਾਂਦੇ ਹਨ। ਦੱਖਣੀ ਭਾਰਤ ਵਿੱਚ ਠੰਢ ਦਾ ਜ਼ੋਰ ਘੱਟ ਹੁੰਦਾ ਹੈ, ਸੋ ਇਸ ਸਾਲ ਸਰਦੀਆਂ ਦੀਆਂ ਛੁੱਟੀਆਂ ਵਿੱਚ ਸਾਡੇ ਪਰਿਵਾਰ ਨੇ ਗੋਆ ਦੀ ਯਾਤਰਾ ਕੀਤੀ ਜਿੱਥੇ ਅਸੀਂ ਖ਼ੂਬ ਆਨੰਦ ਮਾਣਿਆ।

ਅਸੀਂ ਦੋ ਮਹੀਨੇ ਪਹਿਲਾਂ ਹੀ ਇੰਟਰਨੈੱਟ ਰਾਹੀਂ ਰੇਲ ਗੱਡੀ ਦੀਆਂ ਟਿਕਟਾਂ ਬੁੱਕ ਕਰਵਾ ਲਈਆਂ ਸਨ। ਇਸੇ ਤਰਾਂ ਹੋਟਲ ਦੀ ਬੁਕਿੰਗ ਵੀ ਕਰਵਾ ਲਈ। ਅਸੀਂ 25 ਦਸੰਬਰ ਨੂੰ ਕੋਚੀਵਿਲੀ ਟ੍ਰੇਨ ਰਾਹੀਂ ਸਵੇਰੇ 9 ਵਜੇ ਨੂੰ ਲੁਧਿਆਣਾ ਤੋਂ ਚੱਲ ਕੇ ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਮਹਾਂਰਾਸ਼ਟਰ ਰਾਜਾਂ ਵਿੱਚੋਂ ਦੀ ਹੁੰਦੇ ਹੋਏ 38 ਘੰਟੇ ਦੇ ਸਫ਼ਰ ਤੋਂ ਬਾਦ ਰਾਤ ਦੇ ਗਿਆਰਾਂ ਵਜੇ ਗੋਆ ਪ੍ਰਾਂਤ ਦੇ ਮਡਗਾਓ ਸਟੇਸ਼ਨ ਤੇ ਪੁੱਜੇ। ਰੇਲ ਦੇ ਸਫ਼ਰ ਵਿੱਚ ਅਸੀਂ ਕਈ ਰਾਜਾਂ ਦੇ ਵਿੱਚੋਂ ਦੀ ਹੋ ਕੇ ਗਏ ਅਤੇ ਭਾਰਤ ਦੀ ਅਨੇਕਤਾ ਵਿੱਚ ਏਕਤਾ ਦੇ ਦਰਸ਼ਨ ਕੀਤੇ। ਰਸਤੇ ਵਿੱਚ ਸਾਨੂੰ ਮੁੰਬਈ ਦੇ ਨੇੜੇ ਜਾ ਕੇ ਗਰਮੀ ਮਹਿਸੂਸ ਹੋਣ ਲੱਗੀ ਅਤੇ ਸੂਤੀ ਕੱਪੜੇ



ਪਾਉਣੇ ਪਏ। ਮਡਗਾਓਂ ਸਟੇਸ਼ਨ ਤੋਂ ਸਾਨੂੰ ਹੋਟਲ ਵਾਲਿਆਂ ਦਾ ਆਦਮੀ ਆ ਕੇ ਲੈ ਗਿਆ।

ਗੋਆ ਵਿੱਚ ਅਸੀਂ ਪਹਿਲੇ ਦਿਨ ਸਵੇਰੇ ਨਾਸ਼ਤਾ ਕਰਨ ਉਪਰੰਤ ਟੂਰਿਸਟ ਬੱਸ ਰਾਹੀਂ ਉੱਤਰੀ ਗੋਆ ਦੀ ਸੈਰ ਕੀਤੀ। ਗਾਈਡ ਨੇ ਸਾਨੂੰ ਗੋਆ ਦੀ ਰਾਜਧਾਨੀ ਪਣਜੀ, ਕੋਨਜੀਅਮ ਫੋਰਟ, ਓਲਡ ਗੋਆ, ਅੰਜਨਾ ਬੀਚ, ਕੋਲਨਗੁੱਟਾ ਬੀਚ, ਬਾਗਾ ਬੀਚ ਅਤੇ ਡੋਨਾਪੋਲਾ ਬੀਚ ਦੀ ਸੈਰ ਕਰਵਾਈ। ਸ਼ਾਮ ਵੇਲੇ ਅਸੀਂ ਸਮੁੰਦਰੀ ਜਹਾਜ਼ ਵਿੱਚ ਸਵਾਰ ਹੋ ਕੇ ਸਮੁੰਦਰ ਦੀ ਸੈਰ ਕੀਤੀ। ਜਹਾਜ਼ ਵਿੱਚ ਡੀ.ਜੇ. ਤੇ ਭੰਗੜਾ ਪਾਇਆ ਅਤੇ ਖ਼ੂਬ ਆਨੰਦ ਮਾਣਿਆ।

ਦੂਸਰੇ ਦਿਨ ਅਸੀਂ ਦੱਖਣੀ ਗੋਆ ਵੱਲ ਗਏ, ਜਿਥੇ ਵਾਸਕੋਡੇਗਾਮਾ, ਕੋਲਵਾ ਬੀਚ, ਰਾਮਾ ਫੋਰਟ ਅਤੇ ਵਿਧਾਨ ਸਭਾ ਦੇਖੀ। ਬੀਚ ਤੇ ਸਮੁੰਦਰੀ ਖੇਡਾਂ ਵਿੱਚ ਹਿੱਸਾ ਲਿਆ ਅਤੇ ਬੋਟਿੰਗ ਵੀ ਕੀਤੀ।

ਤੀਸਰੇ ਦਿਨ ਅਸੀਂ ਗੋਆ ਦੇ ਬਾਜ਼ਾਰਾਂ ਵਿੱਚ ਖ਼ਰੀਦਦਾਰੀ ਕੀਤੀ। ਨਾਰੀਅਲ ਦੇ ਦਰੱਖਤਾਂ ਨਾਲ਼ ਭਰੇ ਬਾਗਾਂ, ਪਾਰਕਾਂ ਅਤੇ ਪਹਾੜੀਆਂ ਦੀ ਸੈਰ ਕੀਤੀ। ਉੱਥੇ ਉਹਨਾਂ ਦਿਨਾਂ ਵਿੱਚ ਆਮ ਤਾਪਮਾਨ 18° ਸੈਂ: ਤੋਂ 22° ਸੈ. ਸੀ ਜਦੋਂ ਕਿ ਇੱਧਰ ਪੰਜਾਬ ਵਿੱਚ 4° ਸੈ. ਤੋਂ 5° ਸੈ. ਸੀ।

ਗੋਆ ਵਿੱਚ ਤਿੰਨ ਦਿਨ ਬਿਤਾ ਕੇ ਅਸੀਂ ਰਾਤ ਵੇਲੇ ਵਾਪਸੀ ਲਈ ਮਡਗਾਓਂ ਸਟੇਸ਼ਨ ਤੋਂ ਟਰੇਨ ਫੜੀ ਅਤੇ ਰਸਤੇ ਵਿੱਚ ਕੁਦਰਤ ਦੀਆਂ ਹੁਸੀਨ ਵਾਦੀਆਂ, ਸਮੁੰਦਰੀ ਦਲਦਲਾਂ, ਪਹਾੜੀ ਸੁਰੰਗਾਂ, ਪਠਾਰਾਂ ਅਤੇ ਰੇਗਿਸਤਾਨ ਦੇਖਦੇ ਹੋਏ 31 ਦਸੰਬਰ ਨੂੰ ਵਾਪਸ ਲੁਧਿਆਣਾ ਦੇ ਰੇਲਵੇ ਸਟੇਸ਼ਨ ਤੇ ਆ ਉੱਤਰੇ। ਇਸ ਤੋਂ ਬਾਦ ਅਸੀਂ ਬੱਸ ਰਾਹੀਂ ਘਰ ਆ ਗਏ। ਇਸ ਤਰ੍ਹਾਂ ਮੈਂ ਛੁੱਟੀਆਂ ਦਾ ਭਰਪੂਰ ਆਨੰਦ ਮਾਣਿਆ।



Scanned by CamScanner

# ਪਾਣੀ ਦੀ ਹੋ ਰਹੀ ਦੁਰਵਰਤੋਂ

ਪਾਣੀ ਸਾਡੇ ਜੀਵਨ ਦਾ ਮੂਲ ਆਧਾਰ ਹੈ। ਸਾਫ਼ ਅਤੇ ਤਾਜ਼ੇ ਪਾਣੀ ਤੋਂ ਬਿਨਾਂ ਧਰਤੀ ਉੱਪਰ ਮਨੁੱਖੀ ਜ਼ਿੰਦਗੀ ਅਸੰਭਵ ਹੈ। ਧਰਤੀ ਉੱਪਰ ਜੀਵਾਂ ਅਤੇ ਪੌਦਿਆਂ ਦਾ ਜੀਵਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਪਾਣੀ ਉੱਪਰ ਹੀ ਨਿਰਭਰ ਹੈ। ਮਨੁੱਖੀ ਜੀਵਨ ਲਈ ਪਾਣੀ ਸਭ ਤੋਂ ਮਹੱਤਵਪੂਰਨ ਹੈ। ਇਸ ਨੂੰ ਖੇਤੀ ਕਾਰਜਾਂ, ਉਦਯੋਗਾਂ, ਪੀਣ ਲਈ, ਭੋਜਨ ਪਕਾਉਣ ਲਈ, ਕੱਪੜੇ ਧੋਣ, ਇਸ਼ਨਾਨ ਕਰਨ ਆਦਿ ਜਿਹੇ ਘਰੇਲੂ ਕੰਮਾਂ ਲਈ ਵੀ ਵਰਤਦੇ ਹਾਂ।

ਧਰਤੀ ਦਾ ਲਗਪਗ ਤਿੰਨ ਚੌਥਾਈ ਹਿੱਸਾ ਪਾਣੀ ਨਾਲ਼ ਢੱਕਿਆ ਹੋਇਆ ਹੈ। ਇਸ ਵਿੱਚੋਂ ਸਿਰਫ਼ 3% ਤੋਂ ਵੀ ਘੱਟ ਪਾਣੀ ਸਾਫ਼ ਹੈ ਜੋ ਸਾਨੂੰ ਨਦੀਆਂ, ਝੀਲਾਂ ਅਤੇ ਤਲਾਬਾਂ ਆਦਿ ਰਾਹੀਂ ਮਿਲਦਾ ਹੈ। ਬਾਕੀ ਪਾਣੀ ਖਾਰਾ ਹੈ ਜੋ ਮਨੁੱਖ ਦੇ ਵਰਤਣਯੋਗ ਨਹੀ ਅਤੇ ਸਾਗਰਾ 'ਚ ਮੌਜੂਦ ਹੈ।

ਧਰਤੀ ਤੇ ਉਪਲਬਧ ਪਾਣੀ ਦਾ ਇੱਕ ਛੋਟਾ ਜਿਹਾ ਹਿੱਸਾ ਹੀ ਮਨੁੱਖ, ਪੌਦਿਆਂ ਅਤੇ ਜੰਤੂਆਂ ਵੱਲੋਂ ਜੀਵਨ ਨਿਰਬਾਹ ਲਈ ਵਰਤਿਆ ਜਾਂਦਾ ਹੈ। ਇਸਤੇਮਾਲ ਹੋਣ ਤੋਂ ਬਾਅਦ ਇਹੀ ਪਾਣੀ ਪ੍ਰਕਿਰਤੀ ਵਿੱਚ ਪੁਨਰ ਚੱਕਰਿਤ ਹੋ ਕੇ ਮੁੜ ਉਪਲਬਧ ਹੁੰਦਾ ਹੈ।

ਅੱਜ ਕੱਲ੍ਹ ਸਾਡੀ ਧਰਤੀ 'ਤੇ ਉਪਲਬਧ ਇਸ ਪਾਣੀ ਦੇ ਭੰਡਾਰ ਵਿੱਚ ਪ੍ਰਦੂਸ਼ਣ ਫੈਲ ਰਿਹਾ ਹੈ। ਨੁਕਸਾਨਦਾਇਕ, ਅਣਚਾਹੇ ਅਤੇ ਅਣਸੁਖਾਵੇਂ ਪਦਾਰਥਾਂ ਦੇ ਫੈਲਣ ਨਾਲ਼ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਧਰਤੀ ਦਾ $99\frac{1}{2}$ % ਪਾਣੀ ਮਨੁੱਖੀ ਵਰਤੋਂ ਲਈ ਹਾਨੀਕਾਰਕ ਹੋ ਚੁੱਕਾ ਹੈ। $\frac{1}{2}$% ਸਾਫ਼ ਪਾਣੀ ਵਿੱਚੋਂ ਕੇਵਲ 0.002% ਪਾਣੀ ਹੀ ਨਦੀਆਂ, ਝੀਲਾਂ ਅਤੇ ਦਰਿਆਵਾਂ ਦੇ ਰੂਪ ਵਿੱਚ ਮਿਲਦਾ ਹੈ। ਪਰ ਹੁਣ ਇਹ ਵੀ ਦੁਰਵਰਤੋਂ ਕਾਰਨ ਜਿਵੇਂ ਵਾਧੂ ਪਦਾਰਥਾਂ, ਕੂੜਾ-ਕਰਕਟ, ਰਸਾਇਣਿਕ ਪਦਾਰਥਾਂ, ਫੈਕਟਰੀਆਂ ਆਦਿ ਰਾਹੀਂ

Scanned by CamScanner

ਪ੍ਰਦੂਸ਼ਿਤ ਹੋ ਰਿਹਾ ਹੈ। ਇਸ ਤੋਂ ਇਲਾਵਾ ਮਨੁੱਖ ਦੇ ਅਣਜਾਣਪੁਣੇ ਵਿੱਚ ਵੀ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ, ਜਿਸ ਕਾਰਨ ਹੌਲੀ-ਹੌਲੀ ਸਾਫ਼ ਪਾਣੀ ਦੇ ਸੋਮੇਂ ਘੱਟ ਰਹੇ ਹਨ।

ਘਰਾਂ ਵਿੱਚ ਅਕਸਰ ਹੀ ਪਾਣੀ ਬਿਨਾਂ ਕਾਰਨ ਹੀ ਵਗਦਾ ਰਹਿੰਦਾ ਹੈ। ਸਬਜੀਆਂ ਆਦਿ ਧੋਣ ਤੋਂ ਬਾਦ ਪਾਣੀ ਬੂਟਿਆਂ ਨੂੰ ਪਾਉਣ ਦੀ ਥਾਂ ਨਾਲ਼ੀ ਵਿੱਚ ਰੋੜ੍ਹ ਦਿੱਤਾ ਜਾਂਦਾ ਹੈ। ਹੱਥ-ਮੂੰਹ ਧੋਣ ਲਈ, ਨਹਾਉਣ ਲਈ ਵੀ ਪਾਣੀ ਦੀ ਵਰਤੋਂ ਕਰਨ ਸਮੇਂ ਅਣਗਹਿਲੀ ਵਰਤੀ ਜਾਂਦੀ ਹੈ। ਲੋੜ ਤੋਂ ਵੱਧ ਪਾਣੀ ਡੋਲ੍ਹਿਆ ਜਾਂਦਾ ਹੈ। ਪਾਣੀ ਦੀ ਸਹੀ ਨਿਕਾਸੀ ਨਾ ਹੋਣ ਤੇ ਵੀ ਦੁਰਵਰੋਂ ਹੋ ਰਹੀ ਹੈ। ਪਾਣੀ ਦੇ ਸੋਮਿਆਂ ਦੀ ਸਮੇਂ-ਸਮੇਂ ਤੇ ਸਫ਼ਾਈ ਨਾ ਹੋਣਾ ਵੀ ਪਾਣੀ ਦੀ ਦੂਸ਼ਿਤਤਾ ਅਤੇ ਦੁਰਵਰਤੋਂ ਦਾ ਕਾਰਨ ਬਣਦਾ ਹੈ। ਜਨਤਕ ਥਾਵਾਂ 'ਤੇ ਟੂਟੀਆਂ ਖੁੱਲ੍ਹੀਆਂ ਰਹਿੰਦੀਆਂ ਹਨ ਅਤੇ ਪਾਣੀ ਵਗਦਾ ਰਹਿੰਦਾ ਹੈ।

ਜ਼ਰਾ ਸੋਚੋ! ਅਸੀਂ ਆਪਣੀ ਜ਼ਿੰਦਗੀ ਵਿੱਚ ਰੋਜ਼ਾਨਾ ਕਰਨ ਵਾਲ਼ੇ ਕੰਮਾਂ ਵਿੱਚ ਪਾਣੀ ਦੀ ਕਿੰਨੀ ਵਰਤੋਂ ਕਰਦੇ ਹਾਂ, ਇਸ ਵਿੱਚੋਂ ਅਸੀਂ ਕਿੰਨਾ ਪਾਣੀ ਬੇਵਜ੍ਹਾ ਡੋਲ੍ਹ ਦਿੰਦੇ ਹਾਂ। ਜੇਕਰ ਅਸੀਂ ਪਾਣੀ ਦੀ ਵਰਤੋਂ ਸੰਜਮ ਨਾਲ਼ ਕਰੀਏ ਅਤੇ ਆਪਣੇ ਆਲ਼ੇ-ਦੁਆਲ਼ੇ ਨੂੰ ਵੀ ਇਸ ਬਾਰੇ ਜਾਗਰੂਕ ਕਰੀਏ ਤਾਂ ਅਸੀਂ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਵਿੱਚ ਵੱਡਾ ਹਿੱਸਾ ਪਾ ਕੇ ਕੁਦਰਤ ਦੀ ਬਖਸ਼ੀ ਇਸ ਨਿਆਮਤ ਨੂੰ ਬਚਾ ਸਕਦੇ ਹਾਂ।

ਆਓ, ਸਾਰੇ ਰਲ਼ ਕੇ ਹੰਭਲਾ ਮਾਰੀਏ ਅਤੇ ਪ੍ਰਣ ਕਰੀਏ ਕਿ ਅਸੀਂ ਪਾਣੀ ਦੀ ਦੁਰਵਰਤੋਂ ਨੂੰ ਹਰ ਹੀਲੇ ਰੋਕਣਾ ਹੈ ਅਤੇ ਆਪਣੀ ਇਸ ਧਰਤੀ ਨੂੰ ਸੁੰਦਰ ਤੇ ਹਰਿਆ-ਭਰਿਆ ਖ਼ੁਸ਼ਹਾਲ ਬਣਾਉਣਾ ਹੈ।

ਸਲਾਹਕਾਰ: ਸਿਮਰ ਸੋਢੀ

Scanned by CamScanner

# ਮੇਰੀ ਜ਼ਿੰਦਗੀ ਦਾ ਮਕਸਦ

**ਜਾਣ-ਪਛਾਣ** - ਮਕਸਦ ਬਿਨਾ ਜ਼ਿੰਦਗੀ ਜੀਉਣ ਦਾ ਕੋਈ ਹੱਜ ਨਹੀਂ ਹੁੰਦਾ। ਸਾਡੇ 'ਚ ਕਿੰਨੀ ਤਾਦਾਦ ਵਿਚ ਉਹ ਲੋਕ ਮੌਜੂਦ ਹਨ ਜੋ ਬਿਨਾਂ ਕਿਸੇ ਨਿਸ਼ਾਨੇ ਦੇ ਜ਼ਿੰਦਗੀ ਦਾ ਸਫ਼ਰ ਮੁਕਾ ਕੇ ਤੁਰ ਜਾਂਦੇ ਹਨ। ਕਿਸੇ ਨਿਸ਼ਚਿਤ ਨਿਸ਼ਾਨੇ ਤੋਂ ਬਿਨਾਂ ਮਨੁੱਖ ਦਾ ਜੀਵਨ ਬੇ-ਅਰਥ ਹੈ। ਇਸ ਲਈ ਜੀਵਨ ਦੀ ਬੇੜੀ ਨੂੰ ਕਿਸੇ ਉੱਚੇ ਨਿਸ਼ਾਨੇ ਵਲ ਸੇਧ ਕੇ ਰੱਖਣਾ ਮਨੁੱਖ ਦਾ ਫ਼ਰਜ਼ ਹੈ।

**ਸਵਾਰਥ ਰਹਿਤ ਨਿਸ਼ਾਨਾ** - ਮਨੁੱਖ ਦੇ ਜੀਵਨ ਦਾ ਨਿਸ਼ਾਨਾ ਸਵਾਰਥ ਭਰਪੂਰ ਨਹੀਂ ਸਗੋਂ ਉਸ ਦੇ ਆਲ਼ੇ-ਦੁਆਲ਼ੇ ਵਸਦੇ ਲੋਕਾਂ ਲਈ ਕਲਿਆਣਕਾਰੀ ਹੋਣਾ ਚਾਹੀਦਾ ਹੈ। ਜਿਹੜਾ ਬੰਦਾ ਆਪਣੇ ਆਲ਼ੇ-ਦੁਆਲ਼ੇ ਦੇ ਲੋਕਾਂ ਦਾ ਭਲਾ ਕਰਦਾ ਹੋਵੇ, ਉਹ ਕਦੇ ਵੀ ਭੁੱਖਾ ਨਹੀਂ ਮਰ ਸਕਦਾ।

**ਮੈਂ ਡਾਕਟਰ ਬਣਾਂਗੀ** - ਭਾਵੇਂ ਮੈਂ ਅਜੇ ਮਿਡਲ ਸਕੂਲ 'ਚ ਪੜ੍ਹਦੀ ਹਾਂ, ਪਰ ਮੈਂ ਆਪਣੇ ਜੀਵਨ ਦਾ ਇਹ ਨਿਸ਼ਾਨਾ ਮਿੱਥਿਆ ਹੈ ਕਿ ਮੈਂ ਡਾਕਟਰ ਬਣਾਂਗੀ। ਜਦੋਂ ਮੈਂ ਦੇਖਦੀ ਹਾਂ ਕਿ ਮੇਰੇ ਆਲ਼ੇ-ਦੁਆਲ਼ੇ ਬਹੁਤ ਸਾਰੇ ਲੋਕ ਰੋਗਾਂ ਵਿਚ ਫਸੇ ਹੋਏ ਹਨ ਤਾਂ ਮੇਰਾ ਮਨ ਦੁੱਖ ਨਾਲ ਭਰ ਜਾਂਦਾ ਹੈ ਤੇ ਇਹਨਾਂ ਗ਼ਰੀਬ ਲੋਕਾਂ ਦਾ ਭਲਾ ਕਰਨ ਲਈ ਤੀਬਰ ਹੋ ਉੱਠਦਾ ਹੈ। ਇਸ ਕਰਕੇ ਮੈਂ ਆਪਣੇ ਜੀਵਨ ਦਾ ਇਹ ਨਿਸ਼ਾਨਾ ਹੀ ਬਣਾ ਲਿਆ ਹੈ ਕਿ ਮੈਂ ਡਾਕਟਰ ਬਣ ਕੇ ਦੁਖੀਆਂ ਤੇ ਰੋਗੀਆਂ ਦਾ ਮੁਫ਼ਤ ਇਲਾਜ ਕਰਾਂ।


**ਮੇਰੀ ਪੜ੍ਹਾਈ** - ਇਸ ਉਦੇਸ਼ ਲਈ ਮੇਰਾ ਖ਼ਿਆਲ ਤਾਂ ਘੱਟੋ-ਘੱਟ ਐੱਮ. ਬੀ. ਬੀ. ਐੱਸ ਕਰਨ ਦਾ ਹੈ। ਦਸਵੀਂ ਪਾਸ ਕਰਨ ਮਗਰੋਂ ਮੈਂ +2 ਮੈਡੀਕਲ ਕਰਨ ਲਈ ਕਾਲਜ ਵਿਚ ਦਾਖ਼ਲ ਹੋਵਾਂਗੀ। +2 ਕਰਨ ਮਗਰੋਂ ਮੈਂ ਮੈਡੀਕਲ ਦਾਖ਼ਲਾ ਟੈਸਟ ਨੂੰ ਪਾਸ ਕਰਨ ਲਈ ਦਿਨ ਰਾਤ ਇਕ ਕਰ ਦਿਆਂਗੀ।

ਰਚਨਾਕਾਰ [illegible] ਪੰਜਾਬੀ ਮਾਸਟਰ

Scanned by CamScanner

ਮੈਨੂੰ ਉਮੀਦ ਹੈ ਕਿ ਮੈਂ ਸਾਰੇ ਇਮਤਿਹਾਨ ਚੰਗੇ ਨੰਬਰ ਲੈ ਕੇ ਪਾਸ ਕਰ ਲਵਾਂਗੀ। ਮੇਰਾ ਖ਼ਿਆਲ ਫਰੀਦਕੋਟ ਮੈਡੀਕਲ ਕਾਲਜ ਵਿਚ ਦਾਖ਼ਲ ਹੋਣ ਦਾ ਹੈ। ਇਥੇ ਮੈਂ ਇਕ ਚੰਗੀ ਡਾਕਟਰ ਬਣਾਂਗੀ।

**ਮੈਂ ਕੰਮ ਕਿਵੇਂ ਕਰਾਂਗੀ**- ਡਾਕਟਰੀ ਪਾਸ ਕਰਕੇ ਮੇਰਾ ਖ਼ਿਆਲ ਪ੍ਰਾਈਵੇਟ ਕੰਮ ਕਰਨ ਦਾ ਹੈ। ਇਸ ਮੰਤਵ ਲਈ ਮੈਂ ਇਕ ਹਸਪਤਾਲ ਖੋਲਾਂਗੀ। ਸਵੇਰੇ ਅਤੇ ਸ਼ਾਮ ਕੁਝ ਸਮਾਂ ਰੋਗੀਆਂ ਦਾ ਮੁਫ਼ਤ ਇਲਾਜ ਕਰਾਂਗੀ। ਮੈਂ ਕਿਸੇ ਪਾਸੋਂ ਪੈਸੇ ਨਹੀਂ ਮੰਗਾਂਗੀ। ਉਹ ਮੇਰੇ ਮੇਜ਼ 'ਤੇ ਪਈ ਗੋਲਕ ਵਿਚ ਜੋ ਸਰਦਾ-ਬਣਦਾ ਪਾ ਜਾਇਆ ਕਰਨਗੇ, ਮੈਨੂੰ ਉਹੀ ਮਨਜ਼ੂਰ ਹੋਵੇਗਾ। ਮੈਨੂੰ ਯਕੀਨ ਹੈ ਕਿ ਜਦੋਂ ਆਦਮੀ ਭਿਆਨਕ ਬਿਮਾਰੀ ਤੋਂ ਛੁਟਕਾਰਾ ਪ੍ਰਾਪਤ ਕਰ ਲਵੇ, ਤਾਂ ਉਹ ਆਪਣਾ ਇਲਾਜ ਕਰਨ ਵਾਲੇ ਨੂੰ ਭੁੱਖਾ ਨਹੀਂ ਮਰਨ ਦਿੰਦਾ। ਮੈਂ ਫ਼ੈਕਟਰੀਆਂ ਦੇ ਮਜ਼ਦੂਰਾਂ ਦੇ ਬੀਮੇ ਦੇ ਕਾਰਡ ਜਮ੍ਹਾਂ ਕਰ ਕੇ ਵੀ ਉਹਨਾਂ ਦਾ ਇਲਾਜ ਕਰਾਂਗੀ। ਇਹਨਾਂ ਕਾਰਡਾਂ ਤੇ ਦਵਾਈ ਦੇਣ ਨਾਲ਼ ਸਰਕਾਰ ਨਿਸ਼ਚਿਤ ਕੀਤੇ ਪੈਸੇ ਦਿੰਦੀ ਹੈ। ਇਹਨਾਂ ਨਾਲ਼ ਮੇਰਾ ਗੁਜ਼ਾਰਾ ਠੀਕ ਤਰ੍ਹਾਂ ਚਲਦਾ ਰਹੇਗਾ।



**ਸਾਰ-ਅੰਸ਼** - ਬਸ, ਡਾਕਟਰ ਬਣਨਾ ਹੀ ਮੇਰੇ ਜੀਵਨ ਦਾ ਨਿਸ਼ਾਨਾ ਹੈ। ਇਸ ਦੀ ਪ੍ਰਾਪਤੀ ਲਈ ਮਿਹਨਤ ਕਰਨਾ ਮੇਰਾ ਮੁੱਖ ਕਰਤੱਵ ਹੈ।

Scanned by CamScanner

# ਅਤਿ ਦੀ ਗਰਮੀ ਦਾ ਇਕ ਦਿਨ

**ਜਾਣ-ਪਛਾਣ** – ਪੰਜਾਬ ਵਿੱਚ ਜੂਨ ਅਤੇ ਜੁਲਾਈ ਸਖ਼ਤ ਗਰਮੀ ਦੇ ਮਹੀਨੇ ਹਨ। ਉਂਞ ਤਾਂ ਇਹ ਦੋਵੇਂ ਮਹੀਨੇ ਖ਼ੂਬ ਤਪਦੇ ਹਨ, ਪਰ ਕਿਸੇ-ਕਿਸੇ ਦਿਨ ਤਾਂ ਗਰਮੀ ਦੀ ਅੱਤ ਹੀ ਹੋ ਜਾਂਦੀ ਹੈ। ਇਹੋ ਜਿਹਾ ਅੱਤ ਦੀ ਗਰਮੀ ਦਾ ਦਿਨ 25 ਜੂਨ ਦਾ ਸੀ।

**ਸਵੇਰੇ-ਸਵੇਰੇ ਹੀ ਗਰਮੀ** – ਇਸ ਦਿਨ ਜਦੋਂ ਮੈਂ ਸਵੇਰੇ ਪੰਜ ਵਜੇ ਉੱਠਿਆ, ਤਾਂ ਬੜਾ ਵੱਟ ਸੀ। ਮੈਂ ਕੁਝ ਸਮਾਂ ਪੱਖਾ ਲਾ ਕੇ ਬੈਠਾ ਰਿਹਾ। ਇੰਨੇ ਨੂੰ ਅਖ਼ਬਾਰ ਆ ਗਈ। ਉਸ ਵਿੱਚ ਪਹਿਲੇ ਸਫ਼ੇ ਉੱਤੇ ਹੀ ਉੱਤਰੀ ਭਾਰਤ ਵਿਚ ਦਿਨੋ-ਦਿਨ ਵਧ ਰਹੀ ਗਰਮੀ ਦੀ ਖ਼ਬਰ ਛਪੀ ਹੋਈ ਸੀ।

**ਠੰਢੇ ਪਾਣੀ ਵਿੱਚ ਨਹਾਉਣਾ ਅਤੇ ਪੱਖੇ ਦੀ ਹਵਾ** – ਇੰਨੇ ਚਿਰ ਨੂੰ ਬਿਜਲੀ ਬੰਦ ਹੋਣ ਨਾਲ ਪੱਖਾ ਖੜ੍ਹ ਗਿਆ ਤੇ ਮੈਂ ਪਸੀਨੇ ਨਾਲ ਭਿੱਜ ਗਿਆ। ਮੈਂ ਆਪਣੇ ਸਰੀਰ ਨੂੰ ਠੰਢੇ ਪਾਣੀ ਨਾਲ ਨਹਾ ਕੇ ਕੁਝ ਠੰਢਾ ਕੀਤਾ। ਇੰਨੇ ਨੂੰ ਬਿਜਲੀ ਆ ਗਈ ਤੇ ਮੈਂ ਪੱਖੇ ਦੀ ਹਵਾ ਵਿੱਚ ਬੈਠ ਕੇ ਨਾਸ਼ਤਾ ਕੀਤਾ। ਮੇਰੇ ਮਾਤਾ ਪਿਤਾ ਜੀ ਮੇਰੇ ਕੋਲ ਪੱਖੇ ਅੱਗੇ ਆ ਬੈਠੇ। ਪੱਖੇ ਦੀ ਹਵਾ ਨਾਲ ਸਭ ਨੂੰ ਸੁੱਖ ਦਾ ਸਾਹ ਆਇਆ।

**ਦੁਪਹਿਰ ਦਾ ਚੜ੍ਹਨਾ ਤੇ ਗਰਮੀ ਦੀ ਤੇਜ਼ੀ** – 11 ਕੁ ਵਜੇ ਨਾਲ ਗਰਮੀ ਕਾਫ਼ੀ ਤੇਜ਼ ਹੋ ਗਈ। ਅੰਦਰ ਬਾਹਰ ਸਭ ਕੁਝ ਤਪਣਾ ਸ਼ੁਰੂ ਹੋ ਗਿਆ। ਤੇਜ਼ ਧੁੱਪ ਪੈ ਰਹੀ ਸੀ ਤੇ ਲੋਕਾਂ ਦਾ ਸੜਕਾਂ ਤੇ ਆਉਣਾ-ਜਾਣਾ ਕਾਫ਼ੀ ਘੱਟ ਗਿਆ ਸੀ। ਗਲੀਆਂ ਵਿਚ ਕੁਲਫੀਆਂ, ਆਈਸ ਕਰੀਮ, ਸਕੰਜਵੀਂ ਜਾਂ ਸੋਡਾ ਵੇਚਣ ਵਾਲੇ ਹੋਕੇ ਦੇ ਰਹੇ ਸਨ। ਬਹੁਤ ਸਾਰੇ ਬੱਚੇ, ਆਦਮੀ ਤੇ ਤੀਵੀਆਂ ਠੰਢੀਆਂ ਚੀਜ਼ਾ ਖ਼ਰੀਦ-ਖ਼ਰੀਦ ਕੇ ਖਾ ਰਹੇ ਸਨ। ਮੈਨੂੰ ਵੀ ਤ੍ਰੇਹ ਲੱਗ ਰਹੀ ਸੀ, ਪਰ ਉਹ ਪਾਣੀ ਪੀ-ਪੀ ਕੇ ਵੀ ਨਹੀਂ ਸੀ ਮਿਟਦੀ।

**ਸਿਖ਼ਰ ਦੁਪਹਿਰੇ ਪੱਖੇ ਦਾ ਬੰਦ ਹੋਣਾ** – ਸਾਢੇ ਕੁ ਬਾਰਾਂ ਵਜੇ ਗਰਮੀ ਵਿੱਚ ਹੋਰ ਤੇਜ਼ੀ ਆ ਗਈ ਤੇ ਰਹਿੰਦੀ ਕਸਰ ਬਿਜਲੀ ਦੇ ਬੰਦ ਹੋਣ ਨੇ ਪੂਰੀ ਕਰ ਦਿੱਤੀ। ਬੱਸ ਫਿਰ ਕੀ ਸੀ? ਗਰਮੀ ਨਾਲ

Scanned by CamScanner



ਸਾਡੀ ਜਾਨ ਨਿਕਲਣ ਲੱਗੀ। ਅਸੀਂ ਕਦੇ ਪੱਖੀਆਂ ਨਾਲ਼ ਹਵਾ ਝਲਦੇ ਤੇ ਕਦੇ ਗੱਤਿਆਂ ਨਾਲ਼। ਪਸੀਨੇ ਦੇ ਹੜ੍ਹ ਵਗ ਰਹੇ ਸਨ। ਲੋਕ ਤ੍ਰਾਹ-ਤ੍ਰਾਹ ਕਰ ਰਹੇ ਸਨ। ਛੋਟੇ ਬੱਚੇ ਰੋ ਰਹੇ ਸਨ। ਚਿੜੀਆਂ ਘਰਾਂ ਦੀਆਂ ਛੱਤਾਂ ਵਿੱਚ ਵੜੀਆਂ ਹੋਈਆਂ ਸਨ। ਦੁਪਹਿਰ ਦੀ ਰੋਟੀ ਖਾ ਕੇ ਸੌਣ ਨੂੰ ਮਨ ਕੀਤਾ ਪਰ ਮੰਜਾ ਵੀ ਗਰਮ ਲਗਦਾ ਸੀ। ਮੁੜ੍ਹਕੇ ਤੇ ਗਰਮੀ ਵਿਚ ਨੀਂਦ ਕਿੱਥੇ! ਸਾਢੇ ਕੁ ਤਿੰਨ ਵਜੇ ਬਿਜਲੀ ਵੀ ਆ ਗਈ ਤੇ ਪੱਖਾ ਚੱਲਣ ਲੱਗਾ, ਜਿਸ ਨਾਲ਼ ਸਾਡੀ ਜਾਣ ਵਿੱਚ ਜਾਨ ਆਈ।

ਸ਼ਾਮ ਦਾ ਸਮਾਂ - ਪੰਜ ਕੁ ਵਜੇ ਭਾਵੇਂ ਧੁੱਪ ਤਾਂ ਮੱਠੀ ਪੈ ਗਈ, ਪਰ ਵੱਟ ਉਸੇ ਤਰ੍ਹਾਂ ਹੀ ਸੀ। ਉਂਞ ਧੁੱਪ ਘਟਣ ਨਾਲ਼ ਲੋਕ ਸੜਕਾਂ 'ਤੇ ਆਪਣੇ-ਆਪਣੇ ਕੰਮਾਂ ਲਈ ਨਿਕਲ ਪਏ ਸਨ।

ਰਾਤ - ਰਾਤ ਨੂੰ ਜਦੋਂ ਅਸੀਂ ਮੰਜਿਆਂ 'ਤੇ ਪਏ ਤਾਂ ਠੰਢੀ-ਠੰਢੀ ਹਵਾ ਰੁਮਕਣ ਲੱਗੀ, ਜਿਸ ਨਾਲ਼ ਅਸੀਂ ਆਰਾਮ ਨਾਲ਼ ਸੁੱਤੇ। ਅਗਲੇ ਦਿਨ ਮੈਂ ਸਵੇਰੇ ਉੱਠ ਕੇ ਅਖ਼ਬਾਰ ਪੜ੍ਹੀ, ਤਾਂ ਉਸ ਵਿਚ ਬੀਤੇ ਦਿਨ ਦੀ ਗਰਮੀ ਦੀ ਖ਼ਬਰ ਬਾਰੇ ਮੋਟੇ ਅੱਖਰਾਂ ਵਿੱਚ ਲਿਖਿਆ ਸੀ ਕਿ ਇਸ ਦਿਨ ਦਾ ਤਾਪਮਾਨ 47.6° ਰਿਹਾ ਤੇ ਅਜਿਹੀ ਗਰਮੀ ਪਿਛਲੇ ਤੀਹ ਸਾਲਾਂ ਵਿੱਚ ਕਦੇ ਨਹੀਂ ਪਈ।





ਕਰਤਾਰ ਸਿੰਘ ਸੋਢੀ
ਪੰਜਾਬੀ ਮਾਸਟਰ

# ਸਾਡੇ ਸਕੂਲ ਦੀ ਲਾਇਬਰੇਰੀ

ਹਰ ਸਕੂਲ, ਕਾਲਜ ਵਿੱਚ ਲਾਇਬਰੇਰੀ ਜ਼ਰੂਰ ਹੁੰਦੀ ਹੈ। ਕਿਧਰੇ ਛੋਟੀ ਕਿਧਰੇ ਵੱਡੀ। ਕਿਤਾਬਾਂ ਨਾਲ਼ ਭਰੀ ਹੋਈ ਹਰੇਕ ਲਾਇਬਰੇਰੀ, ਕਿਸੇ ਵੀ ਸਕੂਲ ਜਾਂ ਕਾਲਜ ਦੀ ਜਾਇਦਾਦ ਹੁੰਦੀ ਹੈ।



ਸਾਡੇ ਸਕੂਲ ਵਿਚ ਇੱਕ ਸ਼ਾਨਦਾਰ ਲਾਇਬ੍ਰੇਰੀ ਹੈ। ਇਹ ਇੱਕ ਕਮਰੇ ਵਿਚ ਸਥਿਤ ਹੈ। ਲਾਇਬ੍ਰੇਰੀ ਦੀਆਂ ਅਲਮਾਰੀਆਂ ਉੱਪਰ ਕਿਤਾਬਾਂ ਦੇ ਨੰਬਰ ਲੱਗੇ ਹੋਏ ਹਨ।



ਲਾਇਬਰੇਰੀ ਦੇ ਅੰਦਰ ਵੜਦੇ ਹੀ ਇੱਕ ਪਾਸੇ ਪਏ ਕੈਟਾਲਾਗ ਦੇ ਦਰਸ਼ਨ ਹੁੰਦੇ ਹਨ। ਹਰ ਲੇਖਕ ਦੀਆਂ ਕਿਤਾਬਾਂ ਦੇ ਨਾਮ ਤੇ ਨੰਬਰ ਅਲੱਗ-ਅਲੱਗ ਕਾਰਡਾਂ ਵਿਚ ਲਿਖੇ ਹੋਏ ਹਨ। ਨਵੀਆਂ ਕਿਤਾਬਾਂ ਦੇ ਟਾਈਟਲ ਵੀ ਸਜਾਏ ਹੋਏ ਹਨ। ਵਿਦਿਆਰਥੀਆਂ ਨੂੰ ਪੁਸਤਕਾਂ ਲੱਭਣ ਵਿਚ ਬਹੁਤ ਅਸਾਨੀ ਹੁੰਦੀ ਹੈ।

ਲਾਇਬਰੇਰੀ ਦੇ ਕਮਰੇ ਵਿਚ 2 ਸ਼ੀਸ਼ੇ ਦੀਆਂ ਅਲਮਾਰੀਆਂ ਬਣੀਆਂ ਹੋਈਆਂ ਹਨ। ਅਲਮਾਰੀਆਂ ਦੇ ਹਰ ਰੈਕ ਵਿਚ ਅਲੱਗ-ਅਲੱਗ ਵਿਸ਼ਿਆਂ ਤੇ ਕਿਤਾਬਾਂ ਪਈਆਂ ਹਨ। ਸਭ ਮਿਲ ਕੇ 500 ਕਿਤਾਬਾਂ ਹਨ।

ਲਾਇਬਰੇਰੀ ਦੇ ਕਮਰੇ ਵਿਚ ਇੱਕ ਵੱਡਾ ਮੇਜ਼ ਤੇ 10 ਕੁਰਸੀਆਂ ਹਨ। ਇਓਂ 10 ਵਿਦਿਆਰਥੀ ਇੱਕੋ ਸਮੇਂ ਬੈਠ ਕੇ ਇਥੇ ਪੜ੍ਹ ਸਕਦੇ ਹਨ। ਇਓਂ ਉਹ ਹਰ

Scanned by CamScanner



ਪ੍ਰਕਾਰ ਦਾ ਤਾਜ਼ਾ ਗਿਆਨ ਪ੍ਰਾਪਤ ਕਰ ਸਕਦੇ ਹਨ।

ਵਿਦਿਆਰਥੀ ਆਪਣੇ ਲਾਇਬਰੇਰੀ-ਪੀਰੀਅਡ ਵਿਚ ਕਿਤਾਬਾਂ ਵੀ ਕਢਵਾ ਸਕਦੇ ਹਨ। ਇੱਕ ਬੱਚਾ ਇੱਕ ਕਿਤਾਬ ਇੱਕ ਹਫ਼ਤੇ ਲਈ ਕਢਵਾ ਸਕਦਾ ਹੈ। ਕਿਤਾਬਾਂ ਸਮੇਂ ਸਿਰ ਨਾ ਮੋੜਨ ਦੀ ਹਾਲਤ ਵਿਚ 50 ਪੈਸੇ ਪ੍ਰਤੀ ਦਿਨ ਦੇ ਹਿਸਾਬ ਨਾਲ਼ ਜੁਰਮਾਨਾ ਦੇਣਾ ਪੈਂਦਾ ਹੈ।

ਸਾਡੇ ਅਧਿਆਪਕ ਵੱਧ ਤੋਂ ਵੱਧ ਕੋਸ਼ਿਸ਼ ਕਰਦੇ ਹਨ ਕਿ ਅਸੀਂ ਲਾਇਬਰੇਰੀ ਦਾ ਵੱਧ ਤੋਂ ਵੱਧ ਲਾਭ ਉਠਾ ਸਕੀਏ। ਲਾਇਬਰੇਰੀ ਦੇ ਇੰਚਾਰਜ ਸਾਡੀ ਕਿਤਾਬਾਂ ਲੈਣ ਵਿਚ ਬਹੁਤ ਮਦਦ ਕਰਦੇ ਹਨ।

ਕਿਤਾਬਾਂ ਗਿਆਨ ਦਾ ਭੰਡਾਰ ਹਨ। ਅਸੀਂ ਇਨ੍ਹਾਂ ਦੀ ਮਦਦ ਨਾਲ਼ ਦੁਨੀਆਂ ਦੇ ਹਰ ਪੱਖ ਤੋਂ ਜਾਣੂੰ ਹੋ ਸਕਦੇ ਹਾਂ। ਹਰ ਇੱਕ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਇਸ ਵਡਮੁੱਲੇ ਧਨ ਦਾ ਵੱਧ ਤੋਂ ਵੱਧ ਫ਼ਾਇਦਾ ਉਠਾਏ।



ਜਗਤਾਰ ਸਿੰਘ ਸੋਢੀ
ਪੰਜਾਬੀ ਮਾਸਟਰ

Scanned by CamScanner

# ਮੇਰੇ ਪਿਤਾ ਜੀ

ਸਾਡੇ ਸਮਾਜ ਵਿੱਚ ਪਿਤਾ ਦਾ ਅਹਿਮ ਸਥਾਨ ਮੰਨਿਆ ਜਾਂਦਾ ਹੈ। ਪਿਤਾ ਪਰਿਵਾਰ ਦਾ ਮੁੱਖੀਆ ਹੁੰਦਾ ਹੈ। ਸਾਰੇ ਪਰਿਵਾਰ ਨੂੰ ਚੰਗੀ ਸੇਧ ਦੇਣੀ ਉਸ ਦੀ ਜ਼ਿੰਮੇਵਾਰੀ ਹੈ। ਪਰਿਵਾਰ ਦਾ ਮੁੱਖੀ ਹੋਣ ਦੇ ਨਾਤੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨੀਆਂ ਅਤੇ ਹਰ ਇੱਕ ਜੀਅ ਦਾ ਖ਼ਿਆਲ ਰੱਖਣਾ ਅਤੇ ਉਹਨਾਂ ਨੂੰ ਚੰਗਾ ਨਾਗਰਿਕ ਬਣਨ ਲਈ ਸਹੀ ਦਿਸ਼ਾ-ਨਿਰਦੇਸ਼ ਦਿੰਦੇ ਹੋਏ ਉਹਨਾਂ ਦੇ ਦੁੱਖ-ਸੁੱਖ ਦਾ ਧਿਆਨ ਰੱਖਣਾ ਇੱਕ ਆਦਰਸ਼ ਪਿਤਾ ਦੇ ਫਰਜ਼ ਹਨ।

ਮੇਰੇ ਪਿਤਾ ਜੀ ਵਿੱਚ ਉਹ ਸਾਰੇ ਗੁਣ ਹਨ ਜੋ ਇੱਕ ਆਦਰਸ਼ ਪਿਤਾ ਵਿੱਚ ਹੁੰਦੇ ਹਨ। ਮੇਰੇ ਪਿਤਾ ਜੀ ਇੱਕ ਪੜ੍ਹੇ-ਲਿਖੇ ਇਨਸਾਨ ਹਨ। ਉਹ ਆਪਣੀ ਪਰਿਵਾਰਕ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦੇ ਹਨ। ਸਾਡੇ ਪਿੰਡ ਅਤੇ ਆਲ਼ੇ-ਦੁਆਲ਼ੇ ਦੇ ਲੋਕ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਹਨ।

ਮੇਰੇ ਪਿਤਾ ਜੀ ਧਾਰਮਿਕ ਵਿਚਾਰਾਂ ਦੇ ਧਾਰਨੀ ਹਨ। ਉਹ ਸਵੇਰੇ ਜਲਦੀ ਉੱਠਦੇ ਹਨ। ਸੈਰ ਕਰਨ ਉਪਰੰਤ ਪੂਜਾ-ਪਾਠ ਕਰਦੇ ਹਨ। ਉਹ ਹਮੇਸ਼ਾਂ ਸਾਦੇ ਅਤੇ ਸਾਫ਼-ਸੁਥਰੇ ਕੱਪੜੇ ਪਹਿਨਦੇ ਹਨ। ਉਹ ਆਪਣਾ ਸਾਰਾ ਕੰਮ ਆਪ ਕਰਦੇ ਹਨ। ਉਹ ਸਾਨੂੰ ਵੀ ਬੜੇ ਪਿਆਰ ਨਾਲ਼ ਆਪਣੇ ਕੰਮ ਆਪ ਕਰਨ ਦੀ ਪ੍ਰੇਰਣਾ ਦਿੰਦੇ ਹਨ।

ਉਹਨਾਂ ਦਾ ਸੁਭਾਅ ਬੜਾ ਚੰਗਾ ਹੈ। ਉਹ ਸਦਾ ਖੁਸ਼ ਰਹਿੰਦੇ ਹਨ। ਉਹ ਨਸ਼ੇ ਤੋਂ ਰਹਿਤ ਹਨ। ਉਹ ਲੋਕਾਂ ਨੂੰ ਵੀ ਨਸ਼ੇ ਦੀਆਂ ਬੁਰਾਈਆਂ ਦੱਸਕੇ ਇਨ੍ਹਾਂ ਤੋਂ ਦੂਰ ਰਹਿਣ ਲਈ ਪ੍ਰੇਰਦੇ ਹਨ। ਉਹਨਾਂ ਦੇ ਚਿਹਰੇ 'ਤੇ ਅਨੋਖੀ ਚਮਕ ਰਹਿੰਦੀ ਹੈ।

Scanned by CamScanner

ਮੇਰੇ ਪਿਤਾ ਜੀ ਨੂੰ ਪ੍ਰਕਿਰਤੀ ਨਾਲ਼ ਬਹੁਤ ਪਿਆਰ ਹੈ। ਉਹ ਘਰ ਦੀ ਬਗ਼ੀਚੀ ਵਿੱਚ ਫੁੱਲ ਅਤੇ ਸਬਜ਼ੀਆਂ ਉਗਾਉਂਦੇ ਰਹਿੰਦੇ ਹਨ। ਉਹ ਵਾਤਾਵਰਣ ਦੀ ਸ਼ੁੱਧਤਾ ਪ੍ਰਤੀ ਬਹੁਤ ਸੁਚੇਤ ਹਨ।

ਮੇਰੇ ਪਿਤਾ ਜੀ ਮੁਸ਼ਕਲ ਸਮੇਂ ਘਬਰਾਉਂਦੇ ਨਹੀਂ ਹਨ। ਉਹ ਹਰ ਨੇਕ ਸਲਾਹ ਤੇ ਅਮਲ ਕਰਦੇ ਹਨ। ਉਹ ਕਦੇ ਕਿਸੇ ਦੀ ਵੀ ਬੁਰਾਈ ਨਹੀਂ ਕਰਦੇ। ਉਹ ਗ਼ਰੀਬਾਂ ਦੀ ਮਦਦ ਕਰਦੇ ਹਨ। ਉਹ ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ਼ ਨਹੀਂ ਰੱਖਦੇ। ਉਹਨਾ ਦਾ ਮੇਰੀ ਜ਼ਿੰਦਗੀ 'ਤੇ ਡੂੰਘਾ ਪ੍ਰਭਾਵ ਹੈ। ਉਹ ਸਾਨੂੰ ਛੋਟੀਆਂ-ਛੋਟੀਆਂ ਉਦਾਹਰਨਾ ਦੇ ਕੇ ਜ਼ਿੰਦਗੀ ਦਾ ਤੱਤ-ਸਾਰ ਦੱਸਦੇ ਰਹਿੰਦੇ ਹਨ।

ਮੇਰੇ ਪਿਤਾ ਜੀ ਨੂੰ ਪੰਜਾਬੀ ਸਾਹਿਤ ਨਾਲ਼ ਬਹੁਤ ਪਿਆਰ ਹੈ। ਉਹ ਸਾਨੂੰ ਆਪਣੀ ਮਾਂ-ਬੋਲੀ 'ਪੰਜਾਬੀ' ਪੜ੍ਹਨ, ਲਿਖਣ ਅਤੇ ਬੋਲਣ ਲਈ ਹਮੇਸ਼ਾ ਪ੍ਰੇਰਦੇ ਰਹਿੰਦੇ ਹਨ। ਉਹ ਸਾਨੂੰ ਮਹਾਨ ਲੇਖਕਾਂ ਦੀਆਂ ਕਿਤਾਬਾਂ ਪੜ੍ਹਨ ਲਈ ਦਿੰਦੇ ਹਨ।

ਮੇਰੇ ਪਿਤਾ ਜੀ ਨੂੰ ਸਮਾਜ ਸੇਵਾ ਦਾ ਵੀ ਬਹੁਤ ਸ਼ੌਕ ਹੈ। ਉਹ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਲੋਕ-ਭਲਾਈ ਲਈ ਹਮੇਸ਼ਾਂ ਤੱਤਪਰ ਰਹਿੰਦੇ ਹਨ। ਉਹ ਹਰ ਲੋੜਵੰਦ ਦੀ ਮਦਦ ਕਰਨ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਹਨ। ਉਹ ਕਦੇ ਵੀ ਆਪਣੇ ਕੰਮਾਂ ਦਾ ਦਿਖਾਵਾ ਨਹੀਂ ਕਰਦੇ।

ਅਸੀਂ ਸਭ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਹਾਂ। ਮੈਨੂੰ ਆਪਣੇ ਪਿਤਾ ਜੀ ਉੱਤੇ ਬਹੁਤ ਮਾਣ ਹੈ। ਮੇਰੀ ਰੱਬ ਅੱਗੇ ਇਹੀ ਅਰਦਾਸ ਹੈ ਕਿ ਉਹ ਨਿਰੋਗ ਰਹਿਣ ਅਤੇ ਉਹਨਾਂ ਦੀ ਲੰਮੀ ਉਮਰ ਹੋਵੇ। ਉਹ ਇਸੇ ਤਰ੍ਹਾਂ ਸਾਨੂੰ ਅਤੇ ਸਮਾਜ ਨੂੰ ਆਪਣੇ ਚੰਗੇ ਗੁਣਾ ਨਾਲ਼ ਸਦਾ ਮਹਿਕਦਾ ਰੱਖਣ।

ਜਗਤਰ ਸਿੰਘ ਸੋਢੀ

Scanned by CamScanner